Hansti Duniya (Punjabi)
✶Vol. 47 ✶No. 04 ✶April 2023

₹15/-

# ਹੰਸਤੀ ਦੁਨੀਆ



# ਹੰਸਤੀ ਦੁਨੀਆ


✶ VOL - 47

✶ ਅੰਕ - 04 ✶ ਅਪ੍ਰੈਲ 2023 ✶ Pages : 52


(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi


Printer & Publisher Raj Kumari, on behalf of Sant Nirankari Mandal, Delhi-110009, Printed at HT Media Limited, Plot No. 8, Udyog Vihar, Greater Noida- 201306 (U.P.) & published at Sant Nirankari Satsang Bhawan, Sant Nirankari Colony, Delhi-110009



Editor (Honorary)

Sulekh Singh 'Sathi'

E-mail : editorial@nirankari.org

Ph. : 011-47660200

Fax : 011-27608215

Website : www.nirankari.org

kids.nirankari.org


**Subscription Details**


| ਦੇਸ਼ | 1 ਸਾਲ | 3 ਸਾਲ | 5 ਸਾਲ | 11 ਸਾਲ |
|---|---|---|---|---|
| ਭਾਰਤ/ਨੇਪਾਲ | ₹ 150 | ₹ 400 | ₹ 700 | ₹ 1500 |
| ਯੂ.ਕੇ. | £ 15 | £ 40 | £ 70 | £ 150 |
| ਯੂਰਪ | € 20 | € 55 | € 95 | € 200 |
| ਅਮਰੀਕਾ | $ 25 | $ 70 | $ 120 | $ 250 |
| ਕਨਾਡਾ/ਆਸਟ੍ਰੇਲੀਆ | $ 30 | $ 85 | $ 140 | $ 300 |

ਹੋਰ ਦੇਸ਼ : ਉਪ੍ਰੋਕਤ ਅਨੁਸਾਰ ਅਮਰੀਕੀ ਡਾਲਰ ਦੇ ਬਰਾਬਰ ਰਾਸ਼ੀ













## ਸਤੰਭ


ਸਭ ਤੋਂ ਪਹਿਲਾਂ 04

ਬੁਝਾਰਤਾਂ 09

ਵਿਗਿਆਨ ਪ੍ਰਸ਼ਨੋਤਰੀ 12

ਹਾਸਾ-ਖੇਡਾ 18

ਸਾਧਾਰਣ ਗਿਆਨ ਪ੍ਰਸ਼ਨੋਤਰੀ 21

ਕੀ ਤੁਸੀਂ ਜਾਣਦੇ ਹੋ? 29

ਰੰਗ ਭਰੋ ਪ੍ਰਤੀਯੋਗਿਤਾ 39

ਕਦੇ ਨਾ ਭੁੱਲੋ 44

ਬੁੱਧੀ ਦੀ ਪਰਖ 50






## ਚਿੱਤਰਕਥਾਵਾਂ


ਕਿੱਟੀ 22

ਚਿਤੱਰਕਥਾ 46

ਹੰਸਤੀ ਦੁਨੀਆ




## ਕਹਾਣੀਆਂ


06. ਪਰੀਆਂ ਅਤੇ ਤਾਲਾਬ
– ਅਮਰਜੀਤ ਸਿੰਘ 'ਅਮਰ'

10. ਗੁਰੂ ਭਗਤ ਉਪਮੰਨਯੂ
– ਗੋਵਿੰਦ ਸਾਂਵਲ

16. ਸਵੇਰ ਦਾ ਭੁੱਲਿਆ
– ਰਾਜਿੰਦਰ ਕੁਮਾਰ

27. ਨਰਕ ਅਤੇ ਸਵਰਗ
– ਅਮਨਪ੍ਰੀਤ ਸਿੰਘ

32. ਮਿਹਨਤ ਕਰਨ ਵਾਲੇ ...
– ਸ਼ਿਵਨਰਾਇਣ ਸਿੰਘ

35. ਮੈਂ ਹਾਂ ਯਮਰਾਜ
– ਏ.ਪੀ. ਸਿੰਘ

38. ਵਿਦਿਆ ਅਤੇ ਸੁੰਦਰਤਾ
– ਊਸ਼ਾ ਸਭਰਵਾਲ

41. ਸੁੰਦਰਵਨ ਵਿੱਚ ਸੁੰਦਰ ...
– ਪ੍ਰਿਤਪਾਲ ਸਾਦਿਕ


## ਗੀਤ-ਕਵਿਤਾਵਾਂ


10. ਹਰੀ ਸਬਜ਼ੀਆਂ
– ਮੰਜੂ ਨਿਰੰਕਾਰੀ

13. ਭਰਤ ਵਾਂਗ ਬਣੋ
– ਰਾਮਸੇਵਕ ਸ਼ਰਮਾ

20. ਨਵਾਂ ਸਵੇਰਾ
– ਜਸਬੀਰ ਜੱਸੀ

33. ਆਈ ਵਿਸਾਖੀ
– ਦਰਸ਼ਨ ਸਿੰਘ ਕੰਡਾ

45. ਮਾਤਰ ਭਾਸ਼ਾ
– ਗੌਰੀ ਸ਼ੰਕਰ





## ਵਿਸ਼ੇਸ਼ ਲੇਖ


05. ਪੰਛੀਆਂ ਦਾ ਦ੍ਰਿਸ਼ਟੀ ...
– ਮੰਜੂ ਨਿਰੰਕਾਰੀ

14. ਪਾਣੀ ਵਿੱਚ ਲੁਕੇ ...
– ਸੰਜੀਵ ਕੁਮਾਰ

26. ਘੜਿਆਲ
– ਅਨੀਤਾ ਕਪੂਰ

30. ਆਪਣਾ ਸਧਾਰਣ ਗਿਆਨ ਵਧਾਉ
– ਵਿਭਾ ਵਰਮਾ

31. ਸਮੁੰਦਰੀ ਗਾਂ
– ਕਿਰਣ ਬਾਲਾ

34. ਇਹ ਸਭ ਮੇਰੇ ਆਪਣੇ ਹਨ
– ਬਾਬਾ ਗੁਰਬਚਨ ਸਿੰਘ ਜੀ

43. ਨਵੀਆਂ ਜਮਾਤਾਂ 'ਚ
– ਪ੍ਰੋ. ਕੁਲਜੀਤ ਕੌਰ










# ਸੱਚੀ ਖੁਸ਼ੀ



ਸਕੂਲ ਗਰਾਊਂਡ ਵਿੱਚ ਅੱਜ ਚਾਰੇ-ਪਾਸੇ ਬਹੁਤ ਚਹਿਲ-ਪਹਿਲ ਸੀ। ਰੰਗ-ਬਿਰੰਗੇ ਕਪੜੇ ਪਾਈ ਬੱਚੇ ਚਾਈਂ-ਚਾਈਂ ਅਪਣੇ-ਅਪਣੇ ਕਮਰਿਆਂ ਵਿੱਚ ਜਾ ਰਹੇ ਸਨ। ਅੱਜ ਤਾਂ ਸਕੂਲ ਦੀ ਡਰੈਸ ਵੀ ਜ਼ਰੂਰੀ ਨਹੀਂ ਸੀ ਕਿਉਂਕਿ ਅੱਜ ਰਿਜਲਟ ਦਾ ਦਿਨ ਸੀ। ਬੱਚਿਆਂ ਦੀ ਸਾਲ ਭਰ ਦੀ ਮਿਹਨਤ ਦਾ ਨਤੀਜਾ ਅੱਜ ਆਉਣਾ ਸੀ। ਹਰ ਕੋਈ ਅਪਣੇ ਰਿਜਲਟ ਨੂੰ ਲੈ ਕੇ ਉਤਸਾਹਿਤ ਸੀ। ਜਿਉਂ ਹੀ ਦਸਵੀਂ ਕਲਾਸ ਦੇ ਕਲਾਸ ਟੀਚਰ ਨੇ ਕਲਾਸ ਵਿੱਚ ਆ ਕੇ ਰਿਜਲਟ ਦੀ ਘੋਸ਼ਣਾ ਕੀਤੀ ਸਾਰੇ ਬੱਚਿਆਂ ਦੇ ਚਿਹਰੇ ਖੁਸ਼ੀ ਨਾਲ ਚਮਕਣ ਲੱਗੇ ਇੱਕ ਅਜੀਬ ਜਿਹੀ ਖੁਸ਼ੀ ਸਾਰਿਆਂ ਦੇ ਚਿਹਰੇ ਤੇ ਛਾ ਗਈ। ਪਹਿਲੀ ਵਾਰ ਸੀ ਜਦ ਕਲਾਸ ਵਿੱਚ ਕੋਈ ਵੀ ਬੱਚਾ ਫੇਲ ਨਹੀਂ ਸੀ ਹੋਇਆ। ਅਕਸਰ ਹਰ ਵਾਰ ਇੱਕ ਦੋ ਬੱਚਿਆਂ ਦੇ ਫੇਲ ਹੋ ਜਾਣ ਕਾਰਣ ਪਾਸ ਬੱਚੇ ਵੀ ਅਪਣੀ ਖੁਸ਼ੀ ਦਾ ਇਜ਼ਹਾਰ ਚੰਗੀ ਤਰ੍ਹਾਂ ਨਹੀਂ ਕਰ ਪਾਉਂਦੇ ਸੀ ਕਿਉਂਕਿ ਇੱਕ ਦੋ ਫੇਲ ਹੋਏ ਬੱਚਿਆਂ ਦੀ ਨਿਰਾਸ਼ਾ ਉਨ੍ਹਾਂ ਦੀ ਖੁਸ਼ੀ ਨੂੰ ਫਿੱਕਾ ਕਰ ਦਿੰਦੀ ਸੀ। ਕਲਾਸ ਅਧਿਆਪਕ ਨੇ ਵੀ ਬੜੇ ਮਾਣ ਨਾਲ ਇਹ ਅਨਾਊਂਸਮੈਂਟ ਕੀਤੀ ਸੀ ਕਿ ਇਸ ਵਾਰ ਕਲਾਸ ਦੇ ਸਾਰੇ ਹੀ ਬੱਚੇ ਪਾਸ ਹੋਏ ਹਨ ਅਤੇ ਅਗਲੀ ਕਲਾਸ ਵਿੱਚ ਪਹੁੰਚੇ ਗਏ ਹਨ।

ਪਿਆਰੇ ਬੱਚਿਓ ! ਸਚਮੁੱਚ ਸਫਲਤਾ ਹਰ ਇਨਸਾਨ ਨੂੰ ਖੁਸ਼ੀ ਦਿੰਦੀ ਹੈ। ਚਾਹੇ ਪੜਾਈ ਵਿੱਚ ਅਗਲੀ ਕਲਾਸ ਵਿੱਚ ਜਾਣ ਦੀ ਹੋਵੇ ਜਾਂ ਜੀਵਨ ਵਿੱਚ ਹਾਸਿਲ ਹੋਈ ਕਿਸੇ ਵੀ ਹੋਰ ਪ੍ਰਾਪਤੀ ਦੀ। ਇਸਲਈ ਨਿਰੰਤਰ ਇਹੀ ਜਤਨ ਹੋਣਾ ਚਾਹੀਦਾ ਹੈ ਕਿ ਅਸੀਂ ਜੋ ਕੁਝ ਵੀ ਜੀਵਨ ਵਿੱਚ ਕਰੀਏ, ਪੂਰੀ ਲਗਨ ਨਾਲ ਅਤੇ ਈਮਾਨਦਾਰੀ ਨਾਲ ਕਰੀਏ ਤਾਂਕਿ ਸਾਨੂੰ ਉਸ ਕੰਮ ਦੀ ਸਫਲਤਾ ਦੀ ਸੱਚੀ ਖੁਸ਼ੀ ਹਾਸਿਲ ਹੋ ਸਕੇ।

ਬੱਚਿਓ ! ਅਪ੍ਰੈਲ ਮਹੀਨੇ ਵਿੱਚ ਇੱਕ ਹੋਰ ਖੁਸ਼ੀ ਵੀ ਅਸੀਂ ਮਨਾਉਂਦੇ ਹਾਂ ਉਹ ਖੁਸ਼ੀ ਹੈ ਵਿਸਾਖੀ ਦੇ ਤਿਉਹਾਰ ਦੀ ਪੂਰੇ ਸਾਲ ਦੀ ਮਿਹਨਤ ਜਦ ਫਸਲਾਂ ਦੇ ਰੂਪ ਵਿੱਚ ਕਿਸਾਨਾਂ ਦੇ ਘਰ ਵਿੱਚ ਪਹੁੰਚਦੀ ਹੈ ਤਾਂ ਉਨ੍ਹਾਂ ਪਰਿਵਾਰਾਂ ਦੇ ਚਿਹਰਿਆਂ ਤੇ ਚਮਕਣ ਵਾਲੀ ਖੁਸ਼ੀ ਵੀ ਵੇਖਣ ਵਾਲੀ ਹੁੰਦੀ ਹੈ ਕਿਉਂਕਿ ਉਨ੍ਹਾਂ ਦੀ ਪੂਰੇ ਸਾਲ ਕੀਤੀ ਗਈ ਮਿਹਨਤ ਅਤੇ ਫਸਲਾਂ ਦੀ ਰਾਖੀ ਅਪਣੇ ਨਤੀਜੇ ਲੈ ਕੇ ਸਾਹਮਣੇ ਆਉਂਦੀ ਹੈ ਅਤੇ ਅਨਾਜ ਨਾਲ ਕਿਸਾਨਾਂ ਦੇ ਘਰ ਭਰ ਜਾਂਦੇ ਹਨ।

ਸੋ ਪਿਆਰੇ ਬੱਚਿਓ! ਸਾਨੂੰ ਹਰ ਕੰਮ ਪੂਰੀ ਲਗਨ ਅਤੇ ਈਮਾਨਦਾਰੀ ਨਾਲ ਕਰਨਾ ਚਾਹੀਦਾ ਹੈ ਤਾਂ ਜੋ ਉਸ ਦਾ ਨਤੀਜਾ ਅਤੇ ਚਿਹਰਿਆਂ ਤੇ ਸੱਚੀ ਖੁਸ਼ੀ ਲੈ ਕੇ ਆਏ ਅਤੇ ਭਵਿੱਖ ਵਿੱਚ ਹੋਰ ਵੱਡੀਆਂ ਸਫਲਤਾਵਾਂ ਦੀ ਉਮੀਦ ਜਗਾਵੇ।

✍ *ਸੁਲੇਖ 'ਸਾਥੀ'*
sulekh.sathi@nirankari.org

# ਹਰੀ ਸਬਜ਼ੀਆਂ



ਚਲੋ ਸਾਰੇ ਹਰੀ ਸਬਜ਼ੀਆਂ ਖਾਈਏ।
ਇਹਨਾਂ ਨੂੰ ਖਾ ਕੇ ਸਿਹਤ ਬਣਾਈਏ।

ਸਰਸੋਂ, ਪਾਲਕ, ਬਥੂਆ ਮੇਥੀ,
ਚਿਹਰੇ ਨੂੰ ਇਹ ਰੰਗਤ ਦਿੰਦੀ।
ਮਿਨਰਲਸ ਦਾ ਹੈ ਇਹ ਭੰਡਾਰ,
ਇਹਨਾਂ ਨੂੰ ਖਾਉ ਵਾਰ-ਵਾਰ।

ਖ਼ੂਨ ਦੀ ਮਾਤਰਾ ਖ਼ੂਬ ਵਧਾਉਣ,
ਰੋਗ ਪ੍ਰਤਿਰੋਧਕ ਤਾਕਤ ਲਿਆਉਣ।
ਤਨ ਮਨ ਵਿੱਚ ਰੰਗਤ ਲਿਆਈਏ,
ਚਲੋ ਸਭ ਹਰੀ ਸਬਜ਼ੀਆਂ ਖਾਈਏ।

ਇਹਨਾਂ ਵਿੱਚ ਖ਼ੂਬ ਵਿਟਾਮਿਨ ਹੁੰਦੇ,
ਜੋ ਸਰੀਰ ਨੂੰ ਚੁਸਤੀ ਦਿੰਦੇ।
ਭੋਜਨ ਨੂੰ ਸੰਤੁਲਿਤ ਬਣਾਈਏ,
ਚਲੋ ਸਭ ਹਰੀ ਸਬਜ਼ੀਆਂ ਖਾਈਏ।

ਇਹਨਾਂ ਦੀ ਖ਼ੁਸ਼ਬੂ ਪਿਆਰੀ-ਪਿਆਰੀ,
ਖ਼ੂਬ ਵਧਾਈਏ ਰੰਗਤ ਨਿਆਰੀ।
ਮਿੱਤਰਾਂ ਨੂੰ ਵੀ ਚਲੋ ਸਮਝਾਈਏ,
ਚਲੋ ਸਭ ਹਰੀ ਸਬਜ਼ੀਆਂ ਖਾਈਏ।

ਚਲੋ ਸਭ ਹਰੀ ਸਬਜ਼ੀਆਂ ਖਾਈਏ।
ਇਹਨਾਂ ਨੂੰ ਖਾ ਕੇ ਸਿਹਤ ਬਣਾਈਏ।

ਮੰਜੂ ਨਿਰੰਕਾਰੀ

# ਪਰੀਆਂ ਅਤੇ ਤਾਲਾਬ

ਬਹੁਤ ਪੁਰਾਣੀ ਗੱਲ ਹੈ। ਸਵਰਗ ਦੀ ਝੀਲ ਵਿੱਚ ਪੰਜ ਪਰੀਆਂ ਰਹਿੰਦੀਆਂ ਸਨ। ਰੋਜ-ਰੋਜ ਇੱਕੋ ਜਿਹੀ ਰੋਜਮਰਾ ਅਤੇ ਕਿਰਿਆਵਾਂ ਦੀ ਜ਼ਿੰਦਗੀ ਤੋਂ ਅੱਕ ਕੇ ਕਦੇ-ਕਦੇ ਉਹਨਾਂ ਦਾ ਮਨ ਪ੍ਰਿਥਵੀ ਤੇ ਆਉਣ ਨੂੰ ਕਰਦਾ ਸੀ ਪਰ ਉਹਨਾਂ ਦੀ ਪਰੀਰਾਣੀ ਦਾ ਉਹਨਾਂ ਤੇ ਕਾਬੂ ਸੀ। ਇਸ ਲਈ ਉਹ ਚਾਹ ਕੇ ਵੀ ਧਰਤੀ ਤੇ ਨਹੀਂ ਆ ਸਕਦੀਆਂ ਸਨ।

ਇੱਕ ਦਿਨ ਜਦ ਉਹਨਾਂ ਦੀ ਰਾਣੀ ਗੂੜੀ ਨੀਂਦ ਵਿੱਚ ਸੌਂ ਰਹੀ ਸੀ, ਤਦ ਪੰਜਾਂ ਪਰੀਆਂ ਨੇ ਪੰਜ ਕਮਲ ਦੇ ਰੂਪ ਵਿੱਚ ਆਪਣਾ ਰੂਪ ਬਦਲ ਲਿਆ ਅਤੇ ਝੀਲ ਤੋਂ ਨਿਕਲ ਕੇ ਬਾਹਰ ਆ ਗਈਆਂ। ਫਿਰ ਉਹ ਸਫੈਦ ਬੱਦਲਾਂ ਦੇ ਨਾਲ ਉਡਦੇ ਹੋਏ ਪ੍ਰਿਥਵੀ ਤੇ ਹੇਠਾਂ ਆ ਗਈਆਂ। ਧਰਤੀ ਤੇ ਪਹੁੰਚ ਕੇ ਪੰਜੇ ਪਰੀਆਂ ਇੱਕ-ਦੂਸਰੇ ਦੇ ਹੱਥਾਂ ਵਿੱਚ ਹੱਥ ਪਾ ਨੱਚਣ ਲੱਗੀਆਂ। ਹਰੇਕ ਦੀ ਤਸਵੀਰ ਆਪਣੇ ਆਪ ਵਿੱਚ ਨਿਰਾਲੀ ਸੀ।

ਪਰੀਆਂ ਨੇ ਪਹਿਲੀ ਵਾਰ ਪ੍ਰਿਥਵੀ ਤੇ ਆਪਣੇ ਪੈਰ ਰੱਖੇ ਸਨ। ਇਸ ਲਈ ਉਹਨਾਂ ਨੂੰ ਇਥੋਂ ਦਾ ਨਜ਼ਾਰਾ ਕਾਫੀ ਲੁਭਾਵਣਾ ਲਗ ਰਿਹਾ ਸੀ। ਉਹਨਾਂ ਨੂੰ ਇਥੋਂ ਦੀ ਹਰ ਸ਼ੈਅ ਬੜੀ ਪਿਆਰੀ ਲੱਗ ਰਹੀ ਸੀ। ਉਹ ਘੁੰਮ-ਘੁੰਮ ਕੇ ਧਰਤੀ ਦੇ ਦ੍ਰਿਸ਼ਾਂ ਦਾ ਆਨੰਦ ਲੈ ਰਹੀਆਂ ਸਨ। ਤਦ ਸਵਰਗ ਤੋਂ ਸੁਨਹਿਰੀ ਘੰਟੀ ਵਜੀ। ਇਸ ਘੰਟੀ ਦਾ ਮਤਲਬ ਸੀ ਕਿ ਸਵਰਗ ਦਾ ਦੁਆਰ ਬੰਦ ਹੋਣ ਵਾਲਾ ਸੀ। ਘੰਟੀ ਦੀ ਆਵਾਜ਼ ਸੁਣਦੇ ਹੀ ਜਾਣ ਦੀ ਇੱਛਾ ਨਾ ਹੋਣ ਤੇ ਵੀ, ਮਜ਼ਬੂਰ ਹੋ ਕੇ ਪੰਜੇ ਪਰੀਆਂ ਉਡ ਕੇ ਸਵਰਗਲੋਕ ਵਿੱਚ ਚਲੀਆਂ ਗਈਆਂ।

ਇਸ ਦੇ ਬਾਦ ਤਾਂ ਅਕਸਰ ਹੀ ਉਹ ਕਮਲ ਦਾ ਰੂਪ ਧਾਰਣ ਕਰਕੇ ਪ੍ਰਿਥਵੀ ਤੇ ਆਉਣ ਲੱਗੀਆਂ। ਕਦੇ-ਕਦੇ ਲਿਲੀ ਦੇ ਫੁੱਲ ਦਾ ਰੂਪ ਵੀ ਧਾਰਣ ਕਰ ਲੈਂਦੀਆਂ। ਇਸ ਪ੍ਰਕਾਰ ਉਹਨਾਂ ਦਾ ਰੋਜ ਦਾ ਹੀ ਸਿਲਸਿਲਾ ਹੋ ਗਿਆ। ਇੱਕ ਵਾਰ ਪ੍ਰਿਥਵੀ ਤੇ ਲੰਮੇ ਸਮੇਂ ਤਕ ਵਰਖਾ ਨਹੀਂ ਹੋਈ। ਪ੍ਰਿਥਵੀ ਦੇ ਸਾਰੇ ਜੀਵ-ਜੰਤੂ ਪ੍ਰੇਸ਼ਾਨ ਹੋ ਉਠੇ। ਪ੍ਰਿਥਵੀ ਦੀ ਅਜਿਹੀ ਹਾਲਤ ਵੇਖ ਕੇ ਪੰਜੇ ਪਰੀਆਂ ਦੁਖੀ ਹੋਈਆਂ। ਉਹਨਾਂ ਨੇ ਆਪਸ ਵਿੱਚ ਤੈਅ ਕੀਤਾ ਕਿ ਉਹ ਆਪਣੀ ਝੀਲ ਤੋਂ ਇੱਕ-ਇੱਕ ਘੜਾ ਜਾਦੂਈ ਜਲ ਨੂੰ ਚੁਰਾ ਕੇ ਪ੍ਰਿਥਵੀ ਤੇ ਲੈ ਆਉਣਗੀਆਂ ਅਤੇ ਪ੍ਰਿਥਵੀ ਵਾਸੀਆਂ ਦੇ ਜੀਵਨ ਦੀ ਰੱਖਿਆ ਕਰਨਗੀਆਂ।



ਇੱਕ ਸਵੇਰ ਪੰਜੇ ਪਰੀਆਂ ਬੱਦਲਾਂ ਦੇ ਨਾਲ ਪੰਜ ਸੁਨਹਿਰੀ ਘੜਿਆਂ ਵਿੱਚ ਜਾਦੂਈ ਜਲ ਲੈ ਕੇ ਪ੍ਰਿਥਵੀ ਵੱਲ ਚੱਲ ਪਈਆਂ। ਤਦ ਇੱਕ ਭਿਅੰਕਰ ਗਰਜਨਾ ਹੋਈ। ਉਹਨਾਂ ਨੇ ਪਿੱਛੇ ਮੁੜ ਕੇ ਵੇਖਿਆ। ਉਹਨਾਂ ਦੇ ਪਿਛੇ-ਪਿਛੇ ਝੀਲ ਦੀ ਰਾਣੀ ਆਪਣੇ ਸੈਨਿਕਾਂ ਦੇ ਨਾਲ ਉਹਨਾਂ ਨੂੰ ਫੜਨ ਆ ਰਹੀ ਸੀ। ਉਹਨਾਂ ਨੇ ਛੇਤੀ ਹੀ ਕਮਲ ਦੇ ਰੂਪ ਵਿੱਚ ਆਪਣੇ ਆਪ ਨੂੰ ਬਦਲ ਲਿਆ ਅਤੇ ਕਮਲ ਦੀਆਂ ਵੱਡੀਆਂ-ਵੱਡੀਆਂ ਪੱਤੀਆਂ ਦੇ ਵਿੱਚ ਜਾ ਕੇ ਲੁਕ ਗਈਆਂ।



ਰਾਣੀ ਨੇ ਉਹਨਾਂ ਨੂੰ ਅਜਿਹਾ ਕਰਦੇ ਵੇਖ ਲਿਆ ਸੀ। ਉਹ ਜ਼ੋਰ ਨਾਲ ਚੀਕੀ-ਚਿਲਾਈ ਤਾਂ ਪਰੀਆਂ ਦੇ ਬਦਲੇ ਰੂਪ ਕਮਲ ਦੇ ਫੁੱਲ ਤੋਂ ਬਾਹਰ ਆ ਗਏ। ਰਾਣੀ ਨੇ ਆਪਣੇ ਸੈਨਿਕਾਂ ਨੂੰ  ਸੰਦੇਸ਼ ਦਿੱਤਾ- ਇਹਨਾਂ ਨੂੰ ਫੜ ਕੇ ਲੈ ਚਲੋ ਅਤੇ ਇਹਨਾਂ ਨੂੰ ਸਵਰਗ ਦੇ ਕੈਦਖਾਨੇ ਵਿੱਚ ਲੈ ਜਾ ਕੇ ਸੁੱਟ ਦਿਉ।

ਪੰਜੇ ਪਰੀਆਂ ਰਾਣੀ ਦੇ ਸਾਹਮਣੇ ਵਾਰ-ਵਾਰ ਗਿੜਗੜਾਉਣ ਲੱਗੀਆਂ ਕਿ ਸਾਨੂੰ ਪ੍ਰਿਥਵੀ ਤੇ ਹੀ ਹਮੇਸ਼ਾਂ ਲਈ ਰਹਿਣ ਦੀ ਆਗਿਆ ਦੇ ਦਿਉ। ਰਾਣੀ ਨੇ ਉਹਨਾਂ ਦੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਸੈਨਿਕਾਂ ਨੂੰ ਕਿਹਾ - ਇਹਨਾਂ ਤੋਂ ਸੁਨਹਿਰੇ ਘੜੇ ਅਤੇ ਜਾਦੂਈ ਜਲ ਜਬਤ ਕਰ ਲਉ।

ਪਰ ਇਸ ਤੋਂ ਪਹਿਲਾਂ ਕਿ ਸੈਨਿਕ ਸੁਨਹਿਰੀ ਘੜੇ ਜੋ ਜਾਦੂਈ ਜਲ ਨਾਲ ਭਰੇ ਸਨ, ਉਹਨਾਂ ਨੂੰ ਜਬਤ ਕਰਦੇ, ਪੰਜੇ ਪਰੀਆਂ ਦੌੜ ਕੇ ਭੱਜੀਆਂ। ਸੈਨਿਕ ਵੀ ਉਹਨਾਂ ਦੇ ਪਿਛੇ ਭੱਜੇ। ਪਰ ਇਹ ਕੀ....? ਪੰਜਾਂ ਪਰੀਆਂ ਨੇ ਜਾਦੂਈ ਜਲ ਨਾਲ ਭਰੇ ਉਹਨਾਂ ਘੜਿਆਂ ਨੂੰ ਪ੍ਰਿਥਵੀ ਤੇ ਸੁੱਟ ਦਿੱਤਾ। ਜਿਉਂ ਹੀ ਪੰਜਾਂ ਘੜਿਆਂ ਦਾ ਜਲ ਪ੍ਰਿਥਵੀ ਤੇ ਡਿਗਿਆ ਉਸੇ ਵੇਲੇ ਉਥੇ ਪੰਜ ਸਾਫ ਅਤੇ ਮਿੱਠੇ ਜਲ ਵਾਲੇ ਤਾਲਾਬ ਬਣ ਗਏ ਅਤੇ ਘੜੇ ਟੁੱਟ-ਫੁੱਟ ਗਏ।

ਇਹ ਸਭ ਵੇਖ ਕੇ ਰਾਣੀ ਅੱਗ-ਬਬੂਲਾ ਹੋ ਗਈ। ਉਸ ਨੇ ਗੁੱਸੇ ਵਿੱਚ ਸਰਾਪ ਦਿੱਤਾ - ''ਜਾਉ, ਤੁਸੀਂ ਸਾਰੀਆਂ ਪ੍ਰਿਥਵੀ ਤੇ ਹੀ ਤਾਲਾਬ ਬਣ ਜਾਉ। ਹੁਣ ਤਹਾਡੇ ਲਈ ਸਵਰਗ ਵਿੱਚ ਕੋਈ ਥਾਂ ਨਹੀਂ ਹੈ।'' ਅਗਲੇ ਹੀ ਪਲ ਪੰਜੇ ਪਰੀਆਂ ਪੰਜ ਤਾਲਾਬ ਦੇ ਰੂਪ ਵਿੱਚ ਬਦਲ ਗਈਆਂ ਅਤੇ ਪ੍ਰਿਥਵੀ ਤੇ ਆ ਗਈਆਂ। ਪੰਜੇ ਤਾਲਾਬ ਕਮਲ ਦੇ ਫੁੱਲਾਂ ਨਾਲ ਖਿੜ ਗਏ। ਤਦ ਤੋਂ ਲੈ ਕੇ ਅੱਜ ਤਕ ਪੰਜੇ ਪਰੀਆਂ ਪੰਜ ਤਾਲਾਬਾਂ ਦੇ ਰੂਪ ਵਿੱਚ ਪ੍ਰਿਥਵੀ ਤੇ ਅੱਜ ਤਕ ਬਿਰਾਜਮਾਨ ਹਨ ਅਤੇ ਪ੍ਰਿਥਵੀਵਾਸੀਆਂ ਦੇ ਚੰਗੇ ਜੀਵਨ ਲਈ ਲਗਾਤਾਰ ਕੰਮ ਕਰ ਰਹੀਆਂ ਹਨ।

ਚੀਨੀ ਲੋਕ ਕਥਾ: ਅਮਰਜੀਤ ਸਿੰਘ 'ਅਮਰ'

# *ਪੰਛੀਆਂ ਦਾ*
# ਦ੍ਰਿਸ਼ਟੀ ਗਿਆਨ



ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਪੰਛੀ ਵੀ ਤਰ੍ਹਾਂ-ਤਰ੍ਹਾਂ ਦੇ ਰੰਗਾਂ ਨੂੰ ਆਸਾਨੀ ਨਾਲ ਪਛਾਣ ਲੈਂਦੇ ਹਨ। ਵੈਸੇ ਜੋ ਪੰਛੀ ਜਿਹੜੇ ਰੰਗ ਦਾ ਹੁੰਦਾ ਹੈ, ਉਸ ਨੂੰ ਉਹੀ ਰੰਗ ਚੰਗਾ ਲੱਗਦਾ ਹੈ। ਜਿਵੇਂ ਤੋਤਾ ਹਰਾ ਹੁੰਦਾ ਹੈ। ਇਹ ਹਰੀਆਂ ਚੀਜ਼ਾਂ ਵੱਲ ਜ਼ਿਆਦਾ ਖਿਚਦਾ ਚਲਾ ਜਾਂਦਾ ਹੈ। ਘਣੇ ਹਰੇ ਰੁੱਖਾਂ ਤੇ ਬੈਠਦਾ ਹੈ, ਹਰੀ ਮਿਰਚ ਖਾਂਦਾ ਹੈ, ਕੱਚੇ ਫਲ ਜੋ ਪੂਰੀ ਤਰ੍ਹਾਂ ਹਰੇ ਹੁੰਦੇ ਹਨ ਉਹਨਾਂ ਨੂੰ ਬੜੇ ਚਾਅ ਨਾਲ ਖਾਣਾ ਪਸੰਦ ਕਰਦਾ ਹੈ। ਇਸ ਤਰ੍ਹਾਂ ਕਾਂ ਕਾਲੇ ਰੰਗ ਦੀਆਂ ਚੀਜ਼ਾਂ ਨੂੰ ਵੇਖ ਕੇ ਮਸਤੀ ਨਾਲ ਕਾਂ-ਕਾਂ ਕਰਨ ਲੱਗਦਾ ਹੈ। ਮੋਰ ਦੀ ਗਰਦਨ ਨੀਲੀ ਹੁੰਦੀ ਹੈ। ਇਹ ਨੀਲੇ-ਨੀਲੇ ਬੱਦਲਾਂ ਨੂੰ ਵੇਖ ਕੇ ਖੁਸ਼ੀ ਜਾਹਿਰ ਕਰਦਾ ਹੈ, ਖੈਰ ....

ਕੁਦਰਤ ਨੇ ਪੰਛੀਆਂ ਵਿੱਚ ਰੰਗ ਭਿੰਨਤਾ ਦਾ ਅਨੋਖਾ ਗਿਆਨ ਦਿੱਤਾ ਹੈ। ਇਹ ਦੂਰ ਅਤੇ ਨੇੜੇ ਦੀਆਂ ਵਸਤੂਆਂ ਬਹੁਤ ਘੱਟ ਸਮੇਂ ਦੇ ਫਰਕ ਨਾਲ ਸਪੱਸ਼ਟ ਵੇਖ ਲੈਂਦੇ ਹਨ। ਵੈਸੇ ਇਹਨਾਂ ਦੇ ਦਿਮਾਗ ਵਿੱਚ ਦ੍ਰਿਸ਼ਟੀ ਸੰਬੰਧੀ ਗਿਆਨ ਪ੍ਰਾਪਤ ਕਰਨ ਵਾਲਾ ਹਿੱਸਾ ਕਾਫੀ ਤਰੱਕੀ ਵਾਲਾ ਰਹਿੰਦਾ ਹੈ। ਇਹਨਾਂ ਦੀ ਇੱਕ ਅੱਖ ਦੂਸਰੀ ਤੋਂ ਆਜ਼ਾਦ ਰਹਿੰਦੀ ਹੈ ਅਤੇ ਹਰ ਅੱਖ ਦਾ ਵੇਖਣ ਦਾ ਖੇਤਰ ਵੱਖ-ਵੱਖ ਰਹਿੰਦਾ ਹੈ। ਇਸ ਲਈ ਇਹਨਾਂ ਨੂੰ 'ਇੱਕ ਨੇਤਰਕ' ਜਾਂ 'ਇਕਾਂਕੀ ਦ੍ਰਿਸ਼ਟੀ' ਕਹਿੰਦੇ ਹਨ, ਪ੍ਰੰਤੂ ਇਹ ਸਿਰ ਦੇ ਸਾਹਮਣੇ ਦੀ ਵਸਤੂ ਦਾ ਕੇਵਲ ਕੁੱਝ ਹੀ ਹਿੱਸਾ ਵੇਖ ਸਕਦੇ ਹਨ।

ਆਮਤੌਰ ਤੇ ਪੰਛੀਆਂ ਵਿੱਚ ਕੁੱਝ ਮਾਤਰਾ ਵਿੱਚ 'ਇੱਕ ਨੇਤਰਕ' ਅਤੇ ਕੁੱਝ ਮਾਤਰਾ ਵਿੱਚ 'ਦੋ-ਨੇਤਰ' ਦ੍ਰਿਸ਼ਟੀ ਰਹਿੰਦੀ ਹੈ। ਉਹ ਪੰਛੀ ਜੋ ਦਿਨ ਵਿੱਚ ਸ਼ਿਕਾਰ ਕਰਦੇ ਹਨ, ਉਹਨਾਂ ਦੀਆਂ ਅੱਖਾਂ ਸਿਰ ਦੇ ਦੋਵੇਂ ਪਾਸੇ ਰਹਿੰਦੀਆਂ ਹਨ ਜਦਕਿ ਰਾਤ ਨੂੰ ਸ਼ਿਕਾਰ ਕਰਨ ਵਾਲੇ ਪੰਛੀਆਂ ਦੀਆਂ ਅੱਖਾਂ ਇੱਕਦਮ ਸਾਹਮਣੇ ਰਹਿੰਦੀਆਂ ਹਨ।

ਉਲੂੱ ਇੱਕਲਾ ਉਹ ਪੰਛੀ ਹੈ, ਜੋ ਮਨੁੱਖ ਦੀ ਤਰ੍ਹਾਂ ਪਲਕ ਝਪਕਾ ਸਕਦਾ ਹੈ। ਇਹ ਵੀ ਮਨੁੱਖ ਦੀ ਤਰ੍ਹਾਂ ਦੋਵਾਂ ਅੱਖਾਂ ਨਾਲ ਇੱਕਠਾ ਵੇਖਣ ਵਾਲਾ ਪੰਛੀ ਹੈ। ਇਸ ਦੀਆਂ ਅੱਖਾਂ ਦੇ ਲੈਂਜ ਗਹਿਰੇ ਸਿੰਗ ਵਰਗੀ ਨਲੀ ਦੇ ਅੰਦਰ ਰਹਿੰਦੇ ਹਨ।

ਜੀਵਧਾਰੀਆਂ ਵਿੱਚ ਬਾਜ ਅਤੇ ਗਿੱਦ ਦੀਆਂ ਅੱਖਾਂ ਸਭ ਤੋਂ ਜ਼ਿਆਦਾ ਤੇਜ਼ ਰਹਿੰਦੀਆਂ ਹਨ। ਬਾਜ ਅਤੇ ਗਿੱਧ ਨੂੰ 10 ਕਿਲੋਮੀਟਰ ਤਕ ਦੀ ਦੂਰੀ ਦੀ ਚੀਜ਼ ਸਾਫ਼ ਦਿਖਾਈ ਦਿੰਦੀ ਹੈ।

ਚਮਗਾਦੜ ਦੀਆਂ ਅੱਖਾਂ ਕਾਫੀ ਵੱਡੀਆਂ ਹੁੰਦੀਆਂ ਹਨ, ਪ੍ਰੰਤੂ ਲੈਂਜਾਂ ਵਿੱਚ ਲਚੀਲਾਪਨ ਬਿਲਕੁਲ ਨਹੀਂ ਰਹਿੰਦਾ ਇਸ ਲਈ ਚਮਗਾਦੜ ਕੇਵਲ ਦਿਨ ਜਾਂ ਰਾਤ ਦਾ ਹੀ ਪਤਾ ਲਗਾ ਸਕਦੇ ਹਨ।

ਸ਼ਿਕਾਰੀ ਪੰਛੀਆਂ ਦੀਆਂ ਅੱਖਾਂ ਮਨੁੱਖ ਤੋਂ 11 ਗੁਣਾਂ ਤੇਜ਼ ਹੁੰਦੀਆਂ ਹਨ ਕਿਉਂਕਿ ਇਹਨਾਂ ਦੇ ਰੇਟੀਨਾ ਵਿੱਚ ਪ੍ਰਤੀ ਵਰਗ ਮਿਲੀਮੀਟਰ ਵਿੱਚ 15 ਲੱਖ ਦ੍ਰਿਸ਼ਟੀ ਸੰਬੰਧੀ ਜੀਵਕੋਸ਼ ਰਹਿੰਦੇ ਹਨ ਜਦਕਿ ਮਨੁੱਖ ਦੀ ਅੱਖ ਵਿੱਚ ਕੇਵਲ 2 ਲੱਖ ਹੀ ਜੀਵਕੋਸ਼ ਰਹਿੰਦੇ ਹਨ।

ਲੇਖ: ਜੈਇੰਦਰ

# ਬੁਝਾਰਤਾਂ



1. ਭਾਰਤ ਵਿੱਚ ਇੱਕ ਅਜਿਹਾ ਧਾਮ,
ਦੇਸ਼-ਵਿਦੇਸ਼ ਵਿੱਚ ਉਸ ਦਾ ਨਾਮ।
ਕਾਲੰਦੀ ਕਿਨਾਰੇ ਤੇ ਸਥਿਤ,
ਪਿਆਰ ਦਾ ਦਿੰਦਾ ਹੈ ਪੈਗਾਮ।

2. ਤਿੰਨ ਸ਼ਬਦਾਂ ਦੇ ਜੋੜ ਨਾਲ,
ਬਣਿਆ ਇੱਕ ਪਿੰਡ ਦਾ ਨਾਮ।
ਪਹਿਲਾ ਦੇਵਤਾ, ਦੂਜਾ ਪਰੀ,
ਸ਼ਬਦ ਤੀਸਰਾ ਗ੍ਰਾਮ।

3. ਇੱਕ ਘਰ ਵਿੱਚ ਚਾਲੀ ਚੋਰ,
ਖੋਲਿਆ ਦਰਵਾਜਾ ਨਿਕਲੇ ਚੋਰ।
ਮੂੰਹ ਕਾਲੇ ਅਤੇ ਟੰਗਾਂ ਸਫੈਦ,
ਬੱਚਿਉ ਦੱਸੋ ਇਸ ਦਾ ਭੇਦ।

4. ਇੱਕ ਲੜਕੇ ਤੋਂ ਕਿਸੇ ਨੇ ਪੁੱਛਿਆ,
ਬੱਚੇ ਕੀ ਹੈ ਨਾਂ ਤੇਰਾ?
ਬੱਚੇ ਨੇ ਕਿਹਾ ਜਿਸ ਨਾਲ ਗੱਡੀ ਚੱਲੇ, ਰੁਕੇ,
ਉਹੀ ਹੈ ਨਾਮ ਮੇਰਾ।

5. ਸ਼ਾਮ ਵਰਣ ਦੇ ਗੁੱਛਿਆ ਵਾਲੀ,
ਟਹਿਣੀ ਨਾ ਕੋਈ ਇਸ ਤੋਂ ਖਾਲੀ।
ਬੱਚਿਉ ਨਾਂ ਦੱਸੋ ਉਸ ਦਾ,
ਹੈ ਗੁਣਾਂ ਨਾਲ ਭਰਪੂਰ ਨਿਰਾਲੀ।

6. ਇੱਕ ਅਧੇੜ ਆਪਣੇ ਨਾਲ,
ਇੱਕ ਦੁਲਹਨ ਲਈ ਜਾ ਰਿਹਾ ਸੀ।
ਰਾਹ ਵਿੱਚ ਕੁੱਝ ਲੋਕ
ਵਿਅੰਗ ਨਾਲ ਪੁੱਛਣ ਲੱਗੇ,
ਦੁਲਹਨ ਦਾ ਕੀ ਹੈ
ਤੁਹਾਡੇ ਨਾਲ ਰਿਸ਼ਤਾ?
ਦੁਲਹਨ ਬੋਲੀ ਮੇਰੀ ਸੱਸ,
ਇਹਨਾਂ ਦੀ ਸੱਸ,
ਦੋਵੇਂ ਸਕੀ ਮਾਂ-ਬੇਟੀ।
ਤੁਸੀਂ ਹੀ ਦੱਸੋ ਰਿਸ਼ਤੇ ਵਿੱਚ,
ਮੈਂ ਇਹਨਾਂ ਦੀ ਕੀ ਲੱਗਦੀ?

7. ਪਾਣੀ ਨਾਲ ਭਰਿਆ ਹੈ
ਘੜਾ ਨਹੀਂ, ਰੁੱਖ ਤੇ ਵਸੇ,
ਮੇਰੀ ਬੁਝਾਰਤ ਦਾ ਉੱਤਰ,
ਬੱਚਿਉ ਦੱਸੋ ਸਹੀ ਸਹੀ।

ਬੁਝਾਰਤਾਂ ਦੇ ਉੱਤਰ :
1. ਤਾਜਮਹਲ
2. ਸੁਰਹੂਰਪੁਰ
3. ਮਾਚਿਸ
4.ਹਰੀ ਲਾਲ
5. ਜਾਮੁਨ
6. ਨੂੰਹ (ਪੁੱਤਰ ਦੀ ਪਤਨੀ)
7. ਨਾਰੀਅਲ

ਪੇਸ਼ਕਸ਼: ਨੀਲਮ ਭਾਟੀਆ

# ਗੁਰੂ ਭਗਤ ਉਪਮੰਨਯੂ

ਪ੍ਰਾਚੀਨਕਾਲ ਵਿੱਚ ਮਹਾਂਰਿਸ਼ੀ ਆਯੋਦ ਧੌਮਯ ਨਾਮ ਦੇ ਇੱਕ ਸਨਮਾਨਿਤ ਗੁਰੂ ਸਨ। ਉਹਨਾਂ ਦੇ ਚੇਲੇ ਦਾ ਨਾਮ ਸੀ 'ਉਪਮੰਨਯੂ'। ਉਪਮੰਨਯੂ ਬਹੁਤ ਹੀ ਪ੍ਰਤਿਭਾਵਾਨ ਅਤੇ ਸਰੀਰ ਦਾ ਹੱਟਾ-ਕੱਟਾ ਬਾਲਕ ਸੀ। ਉਹ ਰਿਸ਼ੀ ਦੇ ਆਸ਼ਰਮ ਦੀਆਂ ਗਾਵਾਂ ਚਰਾਉਣ ਅਤੇ ਰਖਵਾਲੀ ਦਾ ਕੰਮ ਕਰਦਾ ਸੀ। ਉਸ ਸਮੇਂ ਦਾ ਇਹ ਨਿਯਮ ਸੀ ਕਿ ਬਾਲਕ ਨੂੰ ਆਸ਼ਰਮ ਵਿੱਚ ਰਹਿੰਦੇ ਹੋਏ ਸੇਵਾ ਕਰਨੀ ਹੁੰਦੀ ਸੀ। ਉਹ ਨਗਰ ਅਤੇ ਪਿੰਡਾ ਤੋਂ ਭਿੱਖਿਆ ਮੰਗ ਕੇ ਗੁਰੂ ਨੂੰ ਦਿੰਦਾ ਤਦ ਗੁਰੂ ਉਸ ਵਿਚੋਂ ਜੋ ਵੀ ਦਿੰਦੇ, ਉਹ ਖਾ ਕੇ ਸੰਤੁਸ਼ਟ ਰਹਿਣਾ ਹੁੰਦਾ ਸੀ।

ਬਾਲਕ ਉਪਮੰਨਯੂ ਵੀ ਆਸ਼ਰਮ ਦੀ ਪਾਲਣਾ ਕਰਦਾ ਸੀ ਲੇਕਿਨ ਉਹ ਜੋ ਵੀ ਭਿਖਿਆ ਮੰਗ ਕੇ ਲਿਆਉਂਦਾ, ਉਹ ਧੌਮਯ ਰਿਸ਼ੀ ਆਪਣੇ ਕੋਲ ਰੱਖ ਲੈਂਦੇ। ਉਪਮੰਨਯੂ ਨੂੰ ਉਸ ਵਿਚੋਂ ਕੁੱਝ ਵੀ ਖਾਣ ਲਈ ਨਹੀਂ ਦਿੰਦੇ ਸਨ। ਵਿਚਾਰਾ ਉਪਮੰਨਯੂ ਕੁੱਝ ਕਹਿੰਦਾ ਵੀ ਨਹੀਂ ਸੀ।

ਇੱਕ ਦਿਨ ਧੌਮਯ ਰਿਸ਼ੀ ਨੇ ਉਪਮੰਨਯੂ ਤੋਂ ਪੁੱਛਿਆ, ''ਮੈਂ ਤੇਰੇ ਲਈ ਲਿਆਂਦੀ ਗਈ ਭਿਖਿਆ ਦਾ ਸੰਪੂਰਣ ਹਿੱਸਾ ਰੱਖ ਲੈਂਦਾ ਹਾਂ। ਅਜਿਹੇ ਹਾਲਤ ਵਿੱਚ ਤੂੰ ਕੀ ਖਾਂਦਾ ਹੈ? ਤੇਰਾ ਸਰੀਰ ਤਾਂ ਹੱਟਾ-ਕੱਟਾ ਦਿਖਾਈ ਦਿੰਦਾ ਹੈ।''

ਉਪਮੰਨਯੂ ਬੋਲਿਆ, ''ਗੁਰੂਦੇਵ! ਮੈਂ ਦੁਬਾਰਾ ਭਿਖਿਆ ਮੰਗ ਕੇ ਆਪਣਾ ਕੰਮ ਚਲਾ ਲੈਂਦਾ ਹਾਂ।''

''ਇਹ ਕੰਮ ਤੂੰ ਚੰਗਾ ਨਹੀਂ ਕਰਦਾ। ਇਸ ਨਾਲ ਤਾਂ ਨਗਰ ਦੇ ਗ੍ਰਹਿਸਥੀਆਂ ਨੂੰ ਵੀ ਸੰਕੋਚ ਹੁੰਦਾ ਹੈ, ਫਿਰ ਦੂਸਰੇ ਭਿਖਿਆਰਥੀਆਂ ਦੇ ਜੀਵਿਕਾ ਦਾ ਪਾਪ ਹੁੰਦਾ ਹੈ।'' ਰਿਸ਼ੀ ਨੇ ਕਿਹਾ।

ਉਪਮੰਨਯੂ ਨੇ ਇਹ ਗੱਲ ਸਵੀਕਾਰ ਕਰ ਲਈ ਕਿ ਉਹ ਦੁਬਾਰਾ ਅਜਿਹਾ ਪਾਪ ਨਹੀਂ ਕਰੇਗਾ। ਕੁੱਝ ਦਿਨ ਲੰਘਣ ਦੇ ਬਾਦ ਇੱਕ ਦਿਨ ਗੁਰੂ ਜੀ ਨੇ ਉਪਮੰਨਯੂ ਤੋਂ ਫਿਰ ਪੁੱਛਿਆ, ''ਅੱਜਕਲ ਤੂੰ ਕੀ ਖਾ ਰਿਹਾ ਹੈ?''

ਉਪਮੰਨਯੂ ਨੇ ਕਿਹਾ, ''ਭਗਵਾਨ ਮੈਂ ਗਾਂ ਦਾ ਦੁੱਧ ਜੰਗਲ ਵਿੱਚ ਚਰਾਉਣ ਸਮੇਂ ਪੀ ਲੈਂਦਾ ਹਾਂ।''

ਹੁਣ ਤਾਂ ਧੌਮਯ ਵੀ ਗੁੱਸਾ ਹੋ ਗਏ। ਉਹਨਾਂ ਨੇ ਕਿਹਾ, ''ਆਸ਼ਰਮ ਦੀਆਂ ਸਾਰੀਆਂ ਗਾਵਾਂ ਮੇਰੀਆਂ ਹਨ, ਮੇਰੀ ਆਗਿਆ ਦੇ ਬਿਨਾ ਇਹਨਾਂ ਦਾ ਦੁੱਧ ਪੀਣਾ ਪਾਪ ਹੈ।''

ਉਪਮੰਨਯੂ ਨੇ ਦੁੱਧ ਪੀਣਾ ਵੀ ਬੰਦ ਕਰ ਦਿੱਤਾ। ਕੁੱਝ ਦਿਨ ਬਾਦ ਜਦ ਇੱਕ ਵਾਰ ਫਿਰ ਰਿਸ਼ੀ ਦੀ ਭੇਂਟ ਉਪਮੰਨਯੂ ਨਾਲ ਹੋਈ ਤਾਂ ਉਪਮੰਨਯੂ ਨੇ ਦੱਸਿਆ ਕਿ ''ਉਹ ਵੱਛਿਆ ਦੇ ਮੂੰਹ ਤੋਂ ਡਿਗੀ ਝੱਗ ਪੀ ਲੈਂਦਾ ਹੈ।''

ਗੁਰੂਦੇਵ ਨੇ ਕਿਹਾ, ''ਅਜਿਹੀ ਭੁੱਲ ਹੁਣ ਅਗੇ ਤੋਂ ਨਾ ਕਰਨਾ। ਵੱਛੜੇ ਦਿਆਲੂ ਹੁੰਦੇ ਹਨ। ਉਹ ਤੇਰੇ ਲਈ ਜ਼ਿਆਦਾ ਝੱਗ ਡੇਗ ਦਿੰਦੇ ਹੋਣਗੇ ਅਤੇ ਖੁਦ ਭੁੱਖੇ ਰਹਿ ਜਾਂਦੇ ਹੋਣਗੇ।''

ਹੁਣ ਉਪਮੰਨਯੂ ਦੇ ਭੋਜਨ ਦੇ ਸਾਰੇ ਰਾਹ ਬੰਦ ਹੋ ਗਏ। ਗਾਂਵਾਂ ਦੇ ਪਿੱਛੇ ਦਿਨਭਰ ਜੰਗਲ ਵਿੱਚ ਦੌੜਨਾ ਅਤੇ ਕੁੱਝ ਵੀ ਨਹੀਂ ਖਾਣ ਨਾਲ ਉਹ ਤੜਪਣ ਲਗਾ। ਇੱਕ ਦਿਨ ਉਸ ਨੇ 'ਅੱਕ' ਦੇ ਪੱਤੇ ਖਾ ਲਏ। ਉਹਨਾਂ ਜਹਿਰੀਲੇ ਪੱਤਿਆਂ ਦੀ ਗਰਮੀ ਨਾਲ ਉਸ ਦੀਆਂ ਅੱਖਾਂ ਦੀ ਰੋਸ਼ਨੀ ਚਲੀ ਗਈ। ਉਹ ਅੰਨ੍ਹਾ ਹੋ ਗਿਆ। ਦਿਖਾਈ ਨਾ ਦੇਣ ਕਾਰਣ ਜੰਗਲ ਵਿੱਚ ਘੁੰਮਦੇ ਸਮੇਂ ਉਹ ਇੱਕ ਸੁੱਕੇ ਖੂਹ ਵਿੱਚ ਡਿਗ ਗਿਆ।

ਸੂਰਜ ਡੁੱਬਣ ਦੇ ਸਮੇਂ ਬਿਨਾ ਚਰਵਾਹੇ ਦੇ ਗਾਵਾਂ ਆਸ਼ਰਮ ਵਿੱਚ ਵਾਪਸ ਆਈਆ ਪ੍ਰੰਤੂ ਉਪਮੰਨਯੂ ਵਾਪਸ ਨਹੀਂ ਆਇਆ। ਗੁਰੂਦੇਵ ਚਿੰਤਤ ਹੋ ਉਠੇ- ''ਮੈਂ ਉਪਮੰਨਯੂ ਦਾ ਭੋਜਨ ਬੰਦ ਕਰ ਦਿੱਤਾ। ਇਸੇ ਕਾਰਣ ਉਹ ਸ਼ਾਇਦ ਨਾਰਾਜ਼ ਹੋ ਕੇ ਕਿਤੇ ਚਲਾ ਗਿਆ?'' ਚੇਲਿਆ ਨਾਲ ਉਹ ਉਸੇ



ਸਮੇਂ ਜੰਗਲ ਵੱਲ ਚੱਲ ਪਏ ਅਤੇ ਪੁਕਾਰਨ ਲੱਗੇ, ''ਬੇਟਾ ਉਪਮੰਨਯੁ! ਤੂੰ ਕਿਥੇ ਹੈ?''

ਉਪਮੰਨਯੁ ਦਾ ਸੁਰ ਸੁਣਾਈ ਦਿੱਤਾ, ''ਗੁਰੂ ਜੀ! ਮੈਂ ਇਥੇ ਹਾਂ। ਇਸ ਖੂਹ ਵਿੱਚ ਪਿਆ ਹਾਂ।''

ਰਿਸ਼ੀ ਖੂਹ ਕੇ ਕੋਲ ਗਏ। ਉਹਨਾਂ ਦੇ ਪੁੱਛਣ ਤੇ ਉਪਮੰਨਯੁ ਨੇ ਖੂਹ ਵਿੱਚ ਡਿਗਣ ਦਾ ਕਾਰਣ ਦੱਸ ਦਿੱਤਾ। ਤਦ ਗੁਰੂਦੇਵ ਨੇ ਉਪਮੰਨਯੁ ਨੂੰ ਦੇਵਤਿਆਂ ਦੇ ਵੈਦ ਅਸ਼ਿਵਨੀਕੁਮਾਰ ਦੀ ਪ੍ਰਾਰਥਨਾ ਕਰਨ ਦਾ ਆਦੇਸ਼ ਦਿੱਤਾ। ਗੁਰੂਦੇਵ ਦੀ ਆਗਿਆ ਨਾਲ ਉਪਮੰਨਯੁ ਨੇ ਅਸ਼ਵਨੀਕੁਮਾਰ ਦੀ ਪ੍ਰਾਰਥਨਾ ਕੀਤੀ। ਇੱਕ ਭਗਤ ਬਾਲਕ ਪ੍ਰਾਰਥਨਾ ਕਰੇ ਅਤੇ ਦੇਵਤਾ ਖੁਸ਼ ਨਾ ਹੋਣ, ਅਜਿਹਾ ਕਿਵੇਂ ਹੋ ਸਕਦਾ ਹੈ।

ਅਸ਼ਵਨੀਕੁਮਾਰ ਖੂਹ ਵਿੱਚ ਹੀ ਪ੍ਰਗਟ ਹੋ ਗਏ ਅਤੇ ਉਪਮੰਨਯੁ ਨੂੰ ਕਿਹਾ, ''ਬੇਟਾ! ਅਸੀਂ ਤੇਰੀ ਪ੍ਰਾਰਥਨਾ ਸੁਣ ਕੇ ਇੱਥੇ ਆਏ ਹਾਂ। ਇਹ ਮੀਠਾਪੂੜਾ ਖਾ ਲਉ।''

ਉਪਮੰਨਯੁ ਬੋਲਿਆ, ''ਪ੍ਰਭੂ! ਬਿਨਾ ਗੁਰੂਦੇਵ ਨੂੰ ਅਰਪਣ ਕੀਤੇ ਮੈਂ ਇਹ ਪੂੜਾ ਨਹੀਂ ਖਾ ਸਕਦਾ।''

''ਅਸ਼ਵਨੀਕੁਮਾਰ ਨੇ ਕਿਹਾ, ''ਤੇਰੇ ਗੁਰੂ ਨੇ ਪਹਿਲਾਂ ਹੀ ਸਾਡੀ ਪ੍ਰਾਰਥਨਾ ਕਰ ਲਈ ਸੀ ਅਤੇ ਸਾਡਾ ਦਿੱਤਾ ਹੋਇਆ ਪੂੜਾ ਆਪਣੇ ਗੁਰੂ ਨੂੰ ਅਰਪਣ ਕੀਤੇ ਬਿਨਾ ਹੀ ਖਾ ਲਿਆ ਸੀ। ਇਸ ਲਈ ਤੂੰ ਵੀ ਇੰਝ ਹੀ ਕਰ।''

''ਉਪਮੰਨਯੁ ਬੋਲਿਆ, ''ਗੁਰੂਜਨਾਂ ਦੀ ਗਲਤੀ ਚੇਲਿਆਂ ਨੂੰ ਨਹੀਂ ਵੇਖਣੀ ਚਾਹੀਦੀ। ਕ੍ਰਿਪਾ ਕਰਕੇ ਆਪ ਲੋਕ ਮੈਨੂੰ ਮਾਫ ਕਰੋ, ਗੁਰੂਦੇਵ ਨੂੰ ਅਰਪਿਤ ਕੀਤੇ ਬਿਨਾ ਮੈਂ ਕੁੱਝ ਵੀ ਨਹੀਂ ਖਾ ਸਕਦਾ।''

ਅਸ਼ਵਨੀਕੁਮਾਰ ਨੇ ਕਿਹਾ, ''ਤੂੰ ਇੱਕ ਚੰਗੇ ਗੁਰੂ ਦਾ ਚੇਲਾ ਹੈ। ਤੇਰੇ ਗੁਰੂ ਦੇ ਦੰਦ ਲੋਹੇ ਦੇ ਹਨ ਹੁਣ ਤੇਰੇ ਦੰਦ ਸੋਨੇ ਦੇ ਹੋ ਜਾਣਗੇ ਅਰਥਾਤ ਤੂੰ ਆਪਣੇ ਗੁਰੂ ਤੋਂ ਜ਼ਿਆਦਾ ਪ੍ਰਸਿੱਧੀ ਹਾਸਿਲ ਕਰੇਗਾ। ਤੇਰੀਆਂ ਅੱਖਾਂ ਵਿੱਚ ਪਹਿਲਾਂ ਦੀ ਤਰ੍ਹਾਂ ਰੋਸ਼ਨੀ ਵੀ ਆ ਜਾਏਗੀ।''

ਅਸ਼ਵਨੀਕੁਮਾਰ ਨੇ ਉਪਮੰਨਯੁ ਨੂੰ ਖੂਹ ਤੋਂ ਬਾਹਰ ਕੱਢਿਆ। ਤਦ ਉਸ ਚੇਲੇ ਨੂੰ ਗੁਰੂ ਧੌਮਯ ਨੇ ਗਲੇ ਲਗਾ ਲਿਆ ਅਤੇ ਕਿਹਾ, ''ਮੈਂ ਤੇਰੀ ਪ੍ਰੀਖਿਆ ਲੈ ਰਿਹਾ ਸੀ। ਤੂੰ ਸਫਲ ਹੋਇਆ। ਮੈਂ ਤੈਨੂੰ ਸੰਪੂਰਣ ਗਿਆਨ-ਸ਼ਾਸਤਰ ਦਾ ਅਧਿਅਨ ਕਰਾਊਂਗਾ ਅਤੇ ਤੈਨੂੰ ਸ੍ਰੇਸ਼ਠ ਰਿਸ਼ੀ ਬਣਾਊਂਗਾ।''

ਬਾਦ ਵਿੱਚ ਉਪਮੰਨਯੁ ਤਤਵਗਿਆਨੀ ਰਿਸ਼ੀ ਦੇ ਰੂਪ ਵਿੱਚ ਪ੍ਰਸਿੱਧ ਹੋਏ।

**ਪ੍ਰੇਰਕ ਕਥਾ: ਗੋਵਿੰਦ ਸਾਂਵਲ**

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਚੰਦਰਮਾ ਤੇ ਕਿਸੇ ਵਸਤੂ ਦਾ ਭਾਰ ਘੱਟ ਕਿਉਂ ਹੁੰਦਾ ਹੈ?

**ਉੱਤਰ :** ਪ੍ਰਿਥਵੀ ਹਰੇਕ ਵਸਤੂ ਨੂੰ ਆਪਣੀ ਵੱਲ ਖਿਚਦੀ ਹੈ। ਇਸ ਕੰਮ ਲਈ ਪ੍ਰਿਥਵੀ ਨੂੰ ਕੁਝ ਬਲ ਲਗਾਉਣਾ ਪੈਂਦਾ ਹੈ। ਇਹੀ ਬਲ ਵਸਤੂ ਦਾ ਭਾਰ ਕਹਾਉਂਦਾ ਹੈ। ਜਦ ਕੋਈ ਵੀ ਵਸਤੂ ਚੰਦਰਮਾ ਤੇ ਹੁੰਦੀ ਹੈ ਤਾਂ ਉਸ ਦਾ ਭਾਰ ਚੰਦਰਮਾ ਦੇ ਆਕਰਸ਼ਣ-ਬਲ ਤੇ ਨਿਰਭਰ ਕਰਦਾ ਹੈ। ਚੰਦਰਮਾ ਦਾ ਆਕਰਸ਼ਣ-ਬਲ ਪ੍ਰਿਥਵੀ ਦੇ ਆਕਰਸ਼ਣ-ਬਲ ਦਾ ਛੇਵਾਂ ਹਿੱਸਾ ਹੁੰਦਾ ਹੈ। ਇਹੀ ਕਾਰਣ ਹੈ ਕਿ ਚੰਦਰਮਾ ਤੇ ਕਿਸੇ ਵਸਤੂ ਦਾ ਭਾਰ ਘੱਟ ਅਰਥਾਤ ਪ੍ਰਿਥਵੀ ਤੇ ਵਸਤੂ ਦੇ ਭਾਰ ਦਾ 1/6 ਹਿੱਸਾ ਹੋ ਜਾਂਦਾ ਹੈ।

**ਪ੍ਰਸ਼ਨ :** ਚਲਦੀ ਬਸ ਤੋਂ ਉਤਰਦੇ ਸਮੇਂ ਤੁਸੀਂ ਅੱਗੇ ਵੱਲ ਕਿਉਂ ਡਿਗ ਪੈਂਦੇ ਹੋ?

**ਉੱਤਰ :** ਜਦ ਤੁਸੀਂ ਬਸ ਵਿੱਚ ਬੈਠ ਕੇ ਯਾਤਰਾ ਕਰ ਰਹੇ ਹੁੰਦੇ ਹੋ ਤਾਂ ਤੁਹਾਡਾ ਸਰੀਰ ਵੀ ਬਸ ਦੀ ਗਤੀ ਦੇ ਨਾਲ-ਨਾਲ ਗਤੀ ਅਵਸਥਾ ਵਿੱਚ ਰਹਿੰਦਾ ਹੈ। ਬਸ ਰੁਕਣ ਨਾਲ ਉਤਰਦੇ ਸਮੇਂ ਜਦ ਤੁਸੀਂ ਆਪਣੇ ਪੈਰ ਹੇਠਾਂ ਜ਼ਮੀਨ ਤੇ ਰੱਖਦੇ ਹੋ ਤਾਂ ਤੁਹਾਡਾ ਹੇਠਲਾਂ ਹਿੱਸਾ ਵਿਰਾਮ ਅਵਸਥਾ ਵਿੱਚ ਆ ਜਾਂਦਾ ਹੈ ਅਰਥਾਤ ਸਥਿਰ ਹੋ ਜਾਂਦਾ ਹੈ। ਦੂਸਰੇ ਪਾਸੇ ਤੁਹਾਡੇ ਸਰੀਰ ਦਾ ਉਪਰੀ ਹਿੱਸਾ ਗਤੀ ਅਵਸਥਾ ਵਿੱਚ ਹੀ ਬਣਿਆ ਰਹਿੰਦਾ ਹੈ। ਬਸ, ਇਸੇ ਵਜ੍ਹਾ ਨਾਲ ਤੁਸੀਂ ਅਗੇ ਵੱਲ ਡਿਗ ਪੈਂਦੇ ਹੋ।

**ਪ੍ਰਸ਼ਨ :** ਰੁੱਖ ਦੀਆਂ ਟਹਿਣੀਆਂ ਨੂੰ ਹਿਲਾਉਣ ਤੇ ਫਲ ਜ਼ਮੀਨ ਤੇ ਹੀ ਡਿਗਦੇ ਹਨ, ਉਪਰ ਕਿਉਂ ਨਹੀਂ ਜਾਂਦੇ?

**ਉੱਤਰ :** ਪ੍ਰਿਥਵੀ ਹਰੇਕ ਵਸਤੂ ਨੂੰ ਆਪਣੇ ਵੱਲ ਖਿਚਦੀ ਹੈ। ਚੰਦਰਮਾ ਦੀ ਤੁਲਨਾ ਵਿੱਚ ਪ੍ਰਿਥਵੀ ਦਾ ਆਕਰਸ਼ਣ-ਬਲ 6 ਗੁਣਾਂ ਜ਼ਿਆਦਾ ਹੁੰਦਾ ਹੈ। ਜਦ ਤੁਸੀਂ ਰੁੱਖ ਦੀਆਂ ਟਹਿਣੀਆਂ ਨੂੰ ਹਿਲਾਉਂਦੇ ਹੋ ਤਾਂ ਫਲ ਟਹਿਣੀਆਂ ਨਾਲੋਂ ਟੁੱਟ ਕੇ ਵੱਖ ਹੋ ਜਾਂਦੇ ਹਨ। ਇਹਨਾਂ ਫਲਾਂ ਨੂੰ ਪ੍ਰਿਥਵੀ ਆਕਰਸ਼ਣ-ਬਲ ਦੇ ਕਾਰਣ ਆਪਣੇ ਵੱਲ ਖਿਚ ਲੈਂਦੀ ਹੈ। ਇਹ ਫਲ ਉਪਰ ਵੱਲ ਇਸ ਲਈ ਨਹੀਂ ਜਾਂਦੇ ਕਿਉਂਕਿ ਚੰਦਰਮਾ ਦਾ ਆਕਰਸ਼ਣ-ਬਲ ਪ੍ਰਿਥਵੀ ਤੋਂ ਘੱਟ ਹੈ ਅਤੇ ਉਹ ਇਹਨੂੰ ਪ੍ਰਭਾਵਿਤ ਨਹੀਂ ਕਰ ਸਕਦਾ।

ਕਵਿਤਾ: ਰਾਮਸੇਵਕ ਸ਼ਰਮਾ

# ਭਰਤ ਵਾਂਗ ਬਣੋ



ਨਾਮ ਦੇਸ਼ ਦਾ ਭਾਰਤ ਆਪਣੇ,
ਬੱਚਿਉ ਕਿਵੇਂ ਰੱਖਿਆ ਸੁਣਾਈਏ,
ਕਿਹੋ ਜਿਹਾ ਵੀਰ ਹੋਇਆ ਸੀ ਬਾਲਕ,
ਉਸ ਦੀ ਗਾਥਾ ਗਾਈਏ।

ਇੱਕ ਸੰਘਣਾ ਜੰਗਲ ਸੀ ਭਾਰੀ,
ਉਸ ਦੀ ਸ਼ੋਭਾ ਨਿਆਰੀ, ਨਿਆਰੀ।
ਨਦੀਆਂ ਵਹਿੰਦੀਆਂ ਕਲਕਲ ਛਲਛਲ,
ਹਰਿਆਲੀ ਵੀ ਪਿਆਰੀ-ਪਿਆਰੀ।

ਬਾਲਕ ਨਾਮ ਭਰਤ ਸੀ ਜਿਸ ਦਾ,
ਜੰਗਲ ਵਿੱਚ ਨਿੱਡਰ ਰਹਿੰਦਾ ਸੀ।
ਮਨ ਚਾਹੇ ਜਿਸ ਪਾਸੇ ਖੇਡੇ,
ਪਵਨ ਦੇ ਵਾਂਗੂ ਵਹਿੰਦਾ ਸੀ।

ਇੱਕ ਵਾਰ ਦੀ ਗੱਲ ਹੈ ਕਿ ਬਾਲਕ,
ਭਰਤ ਖੇਡ ਰਿਹਾ ਸੀ ਜੰਗਲ ਵਿੱਚ।
ਕਿੰਨੇ ਦੰਦ ਸ਼ੇਰ ਦੇ ਹੁੰਦੇ,
ਗਿਣਨ ਦੀ ਆਈ ਸੀ ਗੱਲ ਮਨ ਵਿੱਚ।



ਸ਼ੇਰ ਬੱਬਰ ਨੂੰ ਫੜਿਆ ਉਸ ਨੇ,
ਜਬੜਾ ਪਾੜਿਆ ਸ਼ੇਰ ਹੋਇਆ ਢੇਰੀ।
ਉਸ ਵੇਲੇ ਦੁਸ਼ਯੰਤ ਸਨ ਆਏ,
ਵੇਖ ਹੈਰਾਨ ਬਾਲਕ ਦੀ ਦਲੇਰੀ।

ਵੀਰ ਭਰਤ ਅਜਿਹਾ ਬਾਲਕ ਸੀ,
ਨਾਮ ਉਹੀ ਭਾਰਤ ਕਹਿਲਾਇਆ।
ਤੁਸੀਂ ਵੀ ਭਰਤ ਵਾਂਗ ਬਣੋਗੇ,
ਇਸ ਲਈ ਤੁਹਾਨੂੰ ਹੈ ਸਮਝਾਇਆ।

# ਪਾਣੀ ਵਿੱਚ ਲੁਕੇ ਭਿਅੰਕਰ ਸ਼ੈਤਾਨ

ਮੌਸਮ ਸ਼ਾਂਤ ਅਤੇ ਸੁਹਾਵਣਾ ਸੀ। ਧੁੱਪ ਮਹਾਂਸਾਗਰ ਤੇ ਸਿਧੀ ਫੈਲ ਗਈ ਸੀ। ਅਜਿਹੇ ਮੌਸਮ ਵਿੱਚ ਕੈਪਟਨ ਮੋਰ ਹਾਊਸ ਆਪਣੀ ਮੋਟਰ ਲਾਂਜ ਵਿੱਚ ਖੜੇ ਦੂਰਬੀਨ ਦੇ ਸਹਾਰੇ ਦੂਰ-ਦੂਰ ਤਕ ਨਿਹਾਰ ਰਹੇ ਸਨ। ਅਚਾਨਕ ਉਹਨਾਂ ਦੀ ਦੂਰਬੀਨ ਵਿੱਚ ਕਾਲੇ ਬਿੰਦੂ ਉਭਰੇ ਅਤੇ ਉਹ ਵੇਖਦੇ-ਵੇਖਦੇ ਇੱਕ ਜਹਾਜ ਦੀ ਸ਼ਕਲ ਵਿੱਚ ਬਦਲ ਗਏ। ਅਟਲਾਂਟਿਕ ਮਹਾਂਸਾਗਰ ਵਿੱਚ ਜਲ ਨੂੰ ਰਿੜਕਦਾ ਹੋਇਆ ਇਹ ਜਹਾਜ ਜਿਸ ਵੇਗ ਨਾਲ ਆ ਰਿਹਾ ਸੀ ਉਸ ਨਾਲ ਲੱਗਦਾ ਸੀ ਕਿ ਜਹਾਜ ਕੈਪਟਨ ਦੇ ਕਾਬੂ ਵਿੱਚ ਨਹੀਂ ਹੈ। ਇਹ ਵੇਖ ਕੇ ਕੈਪਟਨ ਮੋਰ ਹਾਊਸ ਹੈਰਾਨ ਹੋ ਗਏ। ਉਹ ਇੱਕ ਖੋਜ ਪਾਰਟੀ ਲੈ ਕੇ ਜਹਾਜ ਦੇ ਕੋਲ ਪਹੁੰਚੇ ਅਤੇ ਰੱਸਿਆਂ ਦੇ ਸਹਾਰੇ ਅੰਦਰ ਕੁੱਦ ਗਏ। ਇਸ ਜਹਾਜ ਦੇ ਉਪਰ ਵੱਡੇ-ਵੱਡੇ ਅੱਖਰਾਂ ਵਿੱਚ ਲਿਖਿਆ ਸੀ- 'ਮੇਰੀ ਸਿਲੇਸਟ।' ਸਾਰਾ ਜਹਾਜ ਉਜੜੇ ਜੰਗਲ ਵਾਂਗ ਭਾਂ-ਭਾਂ ਕਰ ਰਿਹਾ ਸੀ। ਜਹਾਜ ਦੇ ਸਾਰੇ ਯੰਤਰ ਠੀਕ ਤਰ੍ਹਾਂ ਨਾਲ ਕੰਮ ਕਰ ਰਹੇ ਸਨ ਪਰ ਚਾਲਕ ਦਲ ਦਾ ਕਿਤੇ ਪਤਾ ਨਹੀਂ ਸੀ। ਜਹਾਜ ਵਿੱਚ ਖਾਣ-ਪੀਣ ਦਾ ਸਮਾਨ ਭਰਪੂਰ ਮਾਤਰਾ ਵਿੱਚ ਮੌਜੂਦ ਸੀ। ਰਜਿਸਟਰ ਤੇ ਜਹਾਜ ਦੇ ਬੰਦਰਗਾਹ ਤੋਂ ਚੱਲਣ ਦੀ ਤਰੀਕ 24 ਨਵੰਬਰ 1872 ਦਰਜ ਸੀ। ਜਹਾਜ ਦੇ ਡੇਕ ਦੇ ਉਪਰ ਕਿਸੇ ਵਿਸ਼ਾਲ ਜੰਤੂ ਦੇ ਦੰਦਾਂ ਜਾਂ ਸਰੀਰ ਦੇ ਕਿਸੇ ਅੰਗਾਂ ਰਾਹੀਂ ਹਮਲਾ ਕੀਤੇ ਜਾਣ ਦੇ ਨਿਸ਼ਾਨ ਮੌਜੂਦ ਸਨ। ਉਥੇ ਖ਼ੂਨ ਨਾਲ ਰੰਗੀ ਇੱਕ ਤਲਵਾਰ ਵੀ ਮਿਲੀ। ਡੇਕ ਤੇ ਕਿਸੇ ਸਮੁੰਦਰੀ ਜੰਤੂ ਅਤੇ ਮਨੁੱਖ ਦੇ ਵਿੱਚ ਯੁੱਧ ਹੋਇਆ ਸੀ। ਜਹਾਜ ਦੇ ਇਸ ਡਰਾਵਨੇ ਦ੍ਰਿਸ਼ ਨੂੰ ਵੇਖ ਕੇ ਉਥੇ ਮੌਜੂਦ ਵਿਅਕਤੀ ਕੰਬ ਉਠੇ। ਇਸ ਦਾ ਕੀ ਰਾਜ ਸੀ? ਇਸ ਤੋਂ ਅੱਜ ਤਕ ਪਰਦਾ ਨਹੀਂ ਉਠ ਸਕਿਆ। ਅਜਿਹਾ ਅਨੁਮਾਨ ਲਗਾਇਆ ਜਾਂਦਾ ਹੈ ਕਿ ਕੋਈ ਭਿਅੰਕਰ ਸਮੁੰਦਰੀ ਜੀਵ ਡੇਕ ਦੇ ਉਪਰ ਆਇਆ ਸੀ। ਸਮੁੰਦਰੀ ਜੀਵ ਚਾਲਕ ਦਲ ਨੂੰ ਮਾਰ ਕੇ ਸਮੁੰਦਰ ਵਿੱਚ ਲੈ ਗਿਆ। ਉਹ ਕਿਹੜਾ ਜੰਤੂ ਹੋ ਸਕਦਾ ਹੈ?






## *ਇਹ ਕਿਹੋ-ਜਿਹੇ ਜੀਵ* –

ਸਮੁੰਦਰ ਵਿੱਚ ਇੱਕ ਤੋਂ ਇੱਕ ਭਿਅੰਕਰ ਜੀਵ ਰਹਿੰਦੇ ਹਨ, ਜੋ ਕੁੱਝ ਪਲਾਂ ਵਿੱਚ ਆਦਮੀ ਨੂੰ ਮਾਰ ਦਿੰਦੇ ਹਨ। ਇਹਨਾਂ ਭਿਅੰਕਰ ਜੀਵਾਂ ਵਿੱਚੋਂ ਸਾਨੂੰ ਕੁੱਝ-ਕੁ ਦਾ ਪਤਾ ਹੈ। ਬਾਕੀ ਜੀਵਾਂ ਦਾ ਪਤਾ ਲਗਾਉਣਾ ਬਹੁਤ ਹੀ ਮੁਸ਼ਕਿਲ ਹੈ, ਕਿਉਂਕਿ ਉਹ ਐਨੀ ਡੂੰਘਾਈ ਵਿੱਚ ਜਾਂਦੇ ਹਨ ਕਿ ਉਥੋਂ ਤਕ ਕਿਸੇ ਆਦਮੀ ਦਾ ਪਹੁੰਚ ਸਕਣਾ ਸੰਭਵ ਨਹੀਂ ਹੈ। ਇਥੇ ਉਨ੍ਹਾਂ ਜੀਵਾਂ ਦਾ ਵਰਨਣ ਹੈ ਜਿਹਨਾਂ ਦੇ ਬਾਰੇ ਵਿੱਚ ਸਾਨੂੰ ਪਤਾ ਹੈ। ਇਹਨਾਂ ਭਿਅੰਕਰ ਜੀਵਾਂ ਵਿੱਚੋਂ ਇੱਕ ਹੈ 'ਔਰਫਿਸ਼', ਜਿਸ ਨੂੰ ਸਮੁੰਦਰੀ ਸੱਪ ਵੀ ਕਹਿੰਦੇ ਹਨ। ਇਸ ਦੀ ਲੰਬਾਈ ਲਗਭਗ 30 ਫੁੱਟ ਹੁੰਦੀ ਹੈ। 'ਔਰਫਿਸ਼' ਦਾ ਸਰੀਰ ਵੇਖ ਕੇ ਲੱਗਦਾ ਹੈ ਕਿ ਇਹ ਕਿਸੇ ਜੇਲੀ ਵਰਗੀ ਚਿਪਚਿਪੀ ਚੀਜ਼ ਨਾਲ ਬਣਿਆ ਹੈ। ਅਕਸਰ ਇਸ ਦਾ ਰੰਗ ਹਲਕਾ ਨੀਲਾ ਅਤੇ ਡੂੰਘੀ ਧਾਰੀਆਂ ਵਾਲਾ ਹੁੰਦਾ ਹੈ। ਇਸ ਦੇ ਖੰਭ ਲੰਮੇ-ਲੰਮੇ ਚੱਪੂਆਂ ਵਰਗੇ ਹੁੰਦੇ ਹਨ। ਸ਼ਾਇਦ ਇਸ ਲਈ ਇਸ ਦਾ ਨਾਮ 'ਔਰਫਿਸ਼' ਪੈ ਗਿਆ। 'ਔਰਫਿਸ਼' ਜ਼ਿਆਦਾਤਰ ਸਮੁੰਦਰ ਦੇ ਉਪਰ ਹੀ ਤੈਰਦੀ ਹੈ।

ਦੂਸਰੀ ਤਰ੍ਹਾਂ ਦੀ ਇੱਕ ਹੋਰ ਮੱਛੀ ਹੈ ਜਿਸ ਦਾ ਮੂੰਹ ਬਹੁਤ ਚੌੜਾ ਹੁੰਦਾ ਹੈ। ਇਸ ਦੀ ਉਪਰ ਦੀ ਪਰਤ ਬਹੁਤ ਪਤਲੀ ਹੁੰਦੀ ਹੈ। ਇਸ ਦੇ ਸਰੀਰ ਦੇ ਕਈ ਅੰਗਾਂ ਤੋਂ ਚਮਕ ਨਿਕਲਦੀ ਹੈ। 'ਔਰਫਿਸ਼' ਅਤੇ 'ਸਕਿਵਡ' ਬੜੇ ਮੁਲਾਇਮ ਜੀਵ ਹਨ। 'ਆਕਟੋਪਸ' ਬਿਨਾ ਰੀੜ ਵਾਲੇ ਸਭ ਤੋਂ ਵੱਡੇ ਜੀਵਾਂ ਵਿੱਚ ਗਿਣਿਆ ਜਾਂਦਾ ਹੈ। 'ਆਕਟੋਪਸ' ਅਤੇ 'ਸਕਿਵਡ' ਦੀ ਸੰਵੇਦਨ ਸ਼ਕਤੀ ਬੜੀ ਤੇਜ਼ ਹੁੰਦੀ ਹੈ। ਇਹਨਾਂ ਦੇ ਤੈਰਨ ਦਾ ਤਰੀਕਾ ਵੀ ਅਨੋਖਾ ਹੁੰਦਾ ਹੈ। ਇਹਨਾਂ ਦੇ ਅੰਦਰ ਇੱਕ ਟਿਊਬ ਹੁੰਦੀ ਹੈ ਜਿਸ ਦੇ ਰਾਹੀਂ ਇਹ ਪਾਣੀ ਖਿਚਦੇ ਹਨ ਅਤੇ ਬੜੀ ਤੇਜ਼ੀ ਨਾਲ ਬਾਹਰ ਕੱਢਦੇ ਹਨ। ਇਸ ਕਿਰਿਆ ਦੇ ਨਤੀਜੇ ਵਜੋਂ ਇਹਨਾਂ ਦੇ ਸਰੀਰ ਵਿੱਚ ਗਤੀ ਪੈਦਾ ਹੁੰਦੀ ਹੈ ਅਤੇ ਇਹ ਅੱਗੇ ਵਧਦੇ ਚਲੇ ਜਾਂਦੇ ਹਨ। ਕੋਈ-ਕੋਈ 'ਸਕਿਵਡ' ਤਾਂ 90 ਫੁੱਟ ਤਕ ਲੰਮੇ ਹੁੰਦੇ ਹਨ' ਇਹ ਦੋਵੇਂ ਜੀਵ ਬੜੇ ਭਿਅੰਕਰ ਹੁੰਦੇ ਹਨ। ਇਹਨਾਂ ਦੀਆਂ ਦੱਸ ਬਾਹਾਂ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਦੋ ਬਾਹਾਂ ਬੜੀ ਆਸਾਨੀ ਨਾਲ ਚਲਦੀਆਂ ਹਨ। ਇਹ ਦੋ ਬਾਹਾਂ ਸ਼ਿਕਾਰ ਨੂੰ ਫੜਦੀਆਂ ਹਨ ਅਤੇ ਬਾਕੀ ਅੱਠ ਬਾਹਾਂ ਉਸ ਨੂੰ ਮੂੰਹ ਤਕ ਲੈ ਜਾਂਦੀਆਂ ਹਨ। ਇਹਨਾਂ ਦੇ ਜਬੜੇ ਵੱਡੇ ਅਤੇ ਦੰਦ ਸਿੰਗ ਵਰਗੇ ਹੁੰਦੇ ਹਨ ਜਿਹਨਾਂ ਨਾਲ ਇਹ ਕਠੋਰ ਵਸਤੂ ਨੂੰ ਵੀ ਬੜੀ ਆਸਾਨੀ ਨਾਲ ਚਬਾ ਜਾਂਦੇ ਹਨ।

■ ਸੰਜੀਵ ਕੁਮਾਰ



# ਸਵੇਰ ਦਾ ਭੁੱਲਿਆ

ਗੋਲੂ ਬਾਂਦਰ ਬਹੁਤ ਹੀ ਚੰਚਲ ਸੁਭਾਅ ਦਾ ਸੀ। ਨਿਤ ਨਵੀਆਂ ਸ਼ਰਾਰਤਾਂ ਕਰਨਾ ਅਤੇ ਜੰਗਲ ਦੇ ਦੂਸਰੇ ਜਾਨਵਰਾਂ ਅਤੇ ਪੰਛੀਆਂ ਨੂੰ ਸਤਾਉਣਾ ਉਸ ਦੀ ਆਦਤ ਦਾ ਇੱਕ ਹਿੱਸਾ ਬਣ ਗਿਆ ਸੀ। ਦੂਸਰਿਆਂ ਨੂੰ ਸਤਾਉਣ ਦੇ ਉਹ ਨਵੇਂ-ਨਵੇਂ ਤਰੀਕੇ ਸੋਚਦਾ ਰਹਿੰਦਾ। ਕਦੇ ਉਹ ਛੁਪ ਕੇ ਕੰਕਰ ਮਾਰ ਦਿੰਦਾ ਅਤੇ ਖੀਂ-ਖੀਂ ਕਰਕੇ ਹੱਸਣ ਲੱਗਦਾ ਅਤੇ ਕਦੇ ਨੀਲੂ ਮੱਝ ਦੀ ਪੂਛ ਦੇ ਨਾਲ ਲਟਕ ਜਾਂਦਾ। ਕਦੇ ਉਹ ਸ਼ੇਰੂ ਕੁੱਤੇ ਦੀ ਪਿੱਠ ਤੇ ਅਚਾਨਕ ਸਵਾਰ ਹੋ ਜਾਂਦਾ ਜਿਸ ਨਾਲ ਉਹ ਇਕਦਮ ਘਬਰਾ ਜਾਂਦਾ। ਇਸ ਤਰ੍ਹਾਂ ਉਹ ਹਰੇਕ ਜਾਨਵਰ ਨੂੰ ਤੰਗ ਕਰਨ ਦੇ ਢੰਗ ਅਪਨਾ ਲੈਂਦਾ। ਸਾਰੇ ਜਾਨਵਰ ਉਸ ਨੂੰ ਗੰਦਾ ਗੋਲੂ ਕਹਿ ਕੇ ਪੁਕਾਰਦੇ ਲੇਕਿਨ ਇਸ ਨਾਲ ਉਹ ਹੋਰ ਚਿੜ ਜਾਂਦਾ ਅਤੇ ਦੂਸਰੀ ਸਰਾਰਤ ਸੋਚਣ ਲੱਗਦਾ।

ਅੰਬਾਂ ਦਾ ਮੌਸਮ ਆਉਣ ਤੇ ਗੋਲੂ, ਰਿੱਛ ਦੇ ਬਗੀਚੇ ਤੋਂ ਅੰਬ ਚੁਰਾ ਕੇ ਖਾ ਜਾਂਦਾ। ਐਨਾ ਹੀ ਨਹੀਂ ਖਾਣ ਤੋਂ ਜ਼ਿਆਦਾ ਅੰਬ ਦੇ ਰੁੱਖਾਂ ਨੂੰ ਨੁਕਸਾਨ ਪਹੁੰਚਾਉਂਦਾ। ਇਸੇ ਤਰ੍ਹਾਂ ਹਰੇਕ ਫਲ ਦੇ ਮੌਸਮ ਵਿੱਚ ਉਹ ਚੋਰੀ ਕਰਕੇ ਫਲ ਖਾਂਦਾ ਅਤੇ ਟਹਿਣੀਆਂ ਅਤੇ ਪੱਤਿਆਂ ਨੂੰ ਤੋੜ-ਤੋੜ ਕੇ ਹੇਠਾਂ ਸੁੱਟਦਾ।

ਚੀਜ਼ਾਂ ਨੂੰ ਤਹਿਸ-ਨਹਿਸ ਕਰਨ ਵਿੱਚ ਆਪਣੀ ਹੇਕੜੀ ਸਮਝਦਾ। ਮੌਕਾ ਮਿਲਣ ਤੇ ਰੁੱਖਾਂ ਵਿੱਚ ਬਣਾਏ ਗਏ ਹੋਰ ਪੰਛੀਆਂ ਦੇ ਆਲ੍ਹਣਿਆਂ ਨੂੰ ਵੀ ਆਪਣਾ ਨਿਸ਼ਾਨਾ ਬਣਾਉਂਦਾ ਅਤੇ ਉਹਨਾਂ ਦੇ ਆਂਡਿਆਂ ਨੂੰ ਤੋੜ ਦਿੰਦਾ ਜਾਂ ਖਾ ਜਾਂਦਾ। ਸਾਰੇ ਪਸ਼ੂ-ਪੰਛੀ ਉਸ ਦੀਆਂ ਨਿੱਤ ਨਵੀਂਆਂ ਸ਼ਰਾਰਤਾਂ ਤੋਂ ਬੇਹੱਦ ਦੁੱਖੀ ਸਨ। ਉਹ ਉਸ ਨੂੰ ਸਮਝਾਉਂਦੇ, ਲੇਕਿਨ ਗੋਲੂ ਦੇ ਕੰਨ ਤੇ ਜੂੰ ਤਕ ਨਾ ਸਰਕਦੀ।

ਇੱਕ ਵਾਰ ਤਾਂ ਉਸ ਨੇ ਹੱਦ ਹੀ ਕਰ ਦਿੱਤੀ। ਆਪਣੇ ਸ਼ਰਾਰਤੀ ਮਿੱਤਰਾਂ ਦੇ ਨਾਲ ਮਿਲ ਕੇ ਰਾਤ ਦੇ ਹਨ੍ਹੇਰੇ ਵਿੱਚ ਇੱਕ ਖੱਡਾ ਖੋਦਣਾ ਸ਼ੁਰੂ ਕਰ ਦਿੱਤਾ। ਕਈ ਦਿਨਾਂ ਵਿੱਚ ਜਦ ਕਾਫੀ ਖੱਡਾ ਬਣ ਗਿਆ ਤਾਂ ਉਸ ਨੇ ਉਸ ਦੇ ਉਪਰ ਘਾਹ ਵਿਛਾ ਕੇ ਲੁਕਾ ਦਿੱਤਾ ਤਾਂਕਿ ਉਸ ਵਿੱਚ ਕੋਈ ਵੀ ਜਾਨਵਰ ਡਿਗ ਜਾਏ ਅਤੇ ਉਹ ਤਾੜੀਆਂ ਵਜਾ ਕੇ ਮਜੇ ਲੈ ਸਕੇ। ਲੇਕਿਨ ਭਗਵਾਨ ਦੀ ਮਰਜੀ ਅਜਿਹੀ ਹੋਈ ਕਿ ਕਈ ਦਿਨਾਂ ਤਕ ਉਸ ਪਾਸੇ ਕਿਸੇ ਜਾਨਵਰ ਦਾ ਆਉਣਾ-ਜਾਣਾ ਨਹੀਂ ਹੋਇਆ। ਹੁਣ ਉਸ ਨੂੰ ਧਿਆਨ ਵੀ ਨਹੀਂ ਰਿਹਾ ਕਿ ਉਸ ਨੇ ਖੱਡਾ ਕਿਥੇ ਖੋਦਿਆ ਸੀ? ਇੱਕ ਦਿਨ ਉਹ ਆਪਣੀ ਹੀ ਧੁਨ ਵਿੱਚ ਜਾ ਰਿਹਾ ਸੀ ਅਤੇ ਚਲਦੇ-ਚਲਦੇ ਉਸੇ ਖੱਡੇ ਵਿੱਚ ਜਾ ਡਿੱਗਿਆ ਅਤੇ ਉਸ ਦੀ ਲੱਤ ਤੇ ਕਾਫੀ ਡੂੰਘਾ ਜਖਮ ਹੋ ਗਿਆ। ਉਹ ਦਰਦ ਨਾਲ ਚੀਕਣ-ਚਿਲਾਉਣ ਲੱਗਾ। ਜਦ ਦੂਸਰੇ ਜਾਨਵਰਾਂ ਨੂੰ ਪਤਾ ਲੱਗਾ ਤਾਂ ਉਹ ਬੋਲੇ- ਜੈਸੀ ਕਰਨੀ ਵੈਸੀ ਭਰਨੀ।



ਲੇਕਿਨ ਸ਼ੇਰਖਾਨ ਉਸ ਨੂੰ ਸੁਧਾਰਣਾ ਚਾਹੁੰਦੇ ਸਨ।ਉਹਨਾਂ ਨੇ ਦੂਸਰੇ ਜਾਨਵਰਾਂ ਨੂੰ ਕਿਹਾ - 'ਭਾਈਉ, ਗੋਲੂ ਬਾਂਦਰ ਵਿੱਚ ਅਜੇ ਬਚਪਨਾ ਹੈ, ਇਸ ਲਈ ਉਸ ਦਾ ਮਨ ਸ਼ਰਾਰਤਾਂ ਵਿੱਚ ਲੱਗਾ ਰਹਿੰਦਾ ਹੈ। ਲੇਕਿਨ ਜੇਕਰ ਉਸ ਨੂੰ ਸੁਧਾਰਣ ਦਾ ਮੌਕਾ ਦਿੱਤਾ ਜਾਏ ਤਾਂ ਉਹ ਸੁਧਰ ਸਕਦਾ ਹੈ। ਜੇਕਰ ਸਵੇਰ ਦਾ ਭੁਲਿਆ ਸ਼ਾਮ ਨੂੰ ਘਰ ਆ ਜਾਏ ਤਾਂ ਉਸ ਨੂੰ ਭੁੱਲਿਆ ਨਹੀਂ ਸਮਝਣਾ ਚਾਹੀਦਾ।

ਸ਼ੇਰਖਾਨ ਦੀ ਗੱਲ ਮੰਨ ਕੇ ਛੈਲੂ ਲੂੰਮੜ ਅਤੇ ਉਸ ਦੇ ਸਾਥੀਆਂ ਨੇ ਉਸ ਨੂੰ ਬਾਹਰ ਕੱਢਿਆ ਅਤੇ ਮੀਕੂ ਖਰਗੋਸ਼ ਤੋਂ ਉਸ ਦੀ ਮਰਹਮ-ਪੱਟੀ ਕਰਵਾਈ। ਉਹ ਹਾਲ ਵਿੱਚ ਡਾਕਟਰੀ ਪੜ੍ਹ ਕੇ ਵਾਪਿਸ ਆਇਆ ਸੀ। ਉਸ ਨੂੰ ਹਲਦੀ ਵਾਲਾ ਦੁੱਧ ਵੀ ਪੀਣ ਲਈ ਦਿੱਤਾ ਗਿਆ।

ਗੋਲੂ ਨੇ ਸੁਣ ਰੱਖਿਆ ਸੀ ਕਿ ਜਿਹੋ ਜਿਹੇ ਨੂੰ ਉਹੋ ਜਿਹੀ ਸਜਾ ਮਿਲਦੀ ਹੈ, ਲੇਕਿਨ ਬਾਕੀ ਜਾਨਵਰਾਂ ਦੇ ਵਿਵਹਾਰ ਨੇ ਉਸ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਹੁਣ ਉਸ ਨੇ ਮਨ ਹੀ ਮਨ ਵਿੱਚ ਕਿਸੇ ਜੀਵ ਨੂੰ ਕਦੇ ਨਾ ਸਤਾਉਣ ਦੀ ਸਹੁੰ ਖਾ ਲਈ।

ਬਾਲ ਕਥਾ: ਰਾਜਿੰਦਰ ਕੁਮਾਰ

# ਹਾਸਾ ਖੇਡਾ



ਪਿਤਾ : (ਪੁੱਤਰ ਨੂੰ) ਬੇਟੇ, ਤੁਹਾਡੇ ਸਕੂਲ ਵਿੱਚ ਪ੍ਰਤੀਯੋਗਤਾ ਹੋਣ ਵਾਲੀ ਹੈ। ਤੂੰ ਉਸ ਵਿੱਚ ਜ਼ਰੂਰ ਭਾਗ ਲੈਣਾ।

ਬੇਟਾ : ਠੀਕ ਹੈ ਪਿਤਾ ਜੀ, ਜਿਉਂ ਹੀ ਪ੍ਰਤੀਯੋਗਤਾ ਸ਼ੁਰੂ ਹੋਵੇਗੀ ਮੈਂ ਭਾਗ ਲਵਾਂਗਾ।

---

ਮਰੀਜ : (ਨਰਸ ਨੂੰ) ਕੀ ਡਾਕਟਰ ਸਾਹਿਬ ਨੇ ਹੁਣ ਤਕ ਨੀਂਦ ਦੀਆਂ ਗੋਲੀਆਂ ਨਹੀਂ ਭੇਜੀਆਂ?

ਨਰਸ : ਜੀ ਨਹੀਂ।

ਮਰੀਜ : ਛੇਤੀ ਮੰਗਵਾਉ, ਮੈਨੂੰ ਨੀਂਦ ਆ ਰਹੀ ਹੈ। ਹੁਣ ਮੈਂ ਨੀਂਦ ਦੀਆਂ ਗੋਲੀਆਂ ਦੀ ਉਡੀਕ ਵਿੱਚ ਹੋਰ ਨਹੀਂ ਜਾਗ ਸਕਦਾ।

– ਗੁਰਮੀਤ ਸਿੰਘ

ਅਧਿਆਪਕ : (ਪਿੰਕੀ ਨੂੰ) ਉਮੀਦਵਾਰ ਕਿਸ ਨੂੰ ਕਹਿੰਦੇ ਹਨ?

ਪਾਰਥ : ਸਰ, ਜਿਸ ਦੇ ਆਉਣ ਦੀ ਉਮੀਦ ਵਾਰ-ਵਾਰ ਕੀਤੀ ਜਾਏ ਅਤੇ ਜੋ ਫਿਰ ਵੀ ਨਾ ਆਏ ਉਸ ਨੂੰ ਉਮੀਦਵਾਰ ਕਹਿੰਦੇ ਹਨ।

---

ਕੰਡਕਟਰ : (ਯਾਤਰੀ ਨੂੰ) ਐਨੀ ਜਗ੍ਹਾ ਪਈ ਹੈ ਆਪ ਬੈਠ ਕਿਉਂ ਨਹੀਂ ਜਾਂਦੇ?

ਯਾਤਰੀ : ਮੈਂ ਇਥੇ ਬੈਠਣ ਨਹੀਂ ਆਇਆ ਹਾਂ, ਮੈਂ ਘਰ ਛੇਤੀ ਪਹੁੰਚਣਾ ਹੈ।

– ਅਨਿਲ ਕੁਮਾਰ

ਲਵਲੀ : (ਮਿੰਟੂ ਨੂੰ) ਇਹ ਹਰੇ ਰੰਗਾ ਵਾਲੀ ਬਰਫੀ ਬਹੁਤ ਸਵਾਦੀ ਹੈ। ਤੁਸੀਂ ਕਿਥੋਂ ਲਿਆਏ ਹੋ?

ਮਿੰਟੂ : ਯਾਰ ਸਾਲ ਭਰ ਪਹਿਲਾਂ ਜਦ ਮੈਂ ਇਸ ਨੂੰ ਦਿੱਲੀ ਤੋਂ ਲਿਆਇਆ ਸੀ ਤਦ ਤਾਂ ਇਸ ਦਾ ਰੰਗ ਸਫੈਦ ਸੀ। ਹੁਣ ਪਤਾ ਨਹੀਂ ਹਰਾ ਕਿਵੇਂ ਹੋ ਗਿਆ?

– ਅਮਨ

ਇੱਕ ਗਵਾਂਢੀ – (ਦੂਸਰੇ ਗਵਾਂਢੀ ਨੂੰ
ਤਿੰਨ ਬੁਲਾਉ ਅਤੇ ਤੇਰਹਾਂ ਆ ਜਾਣ
ਤਾਂ ਕੀ ਕੀਤਾ ਜਾਏ?

ਦੂਸਰਾ ਗਵਾਂਢੀ –
ਫੌਰਨ 'ਨੌ ਦੋ ਗਿਆਰਾ' ਹੋ ਜਾਣ
ਵਿੱਚ ਹੀ ਭਲਾਈ ਹੈ।

---

ਰਾਜੂ ਨੇ ਆਪਣੀ ਮਾਂ ਨੂੰ ਸ਼ਿਕਾਇਤ
ਕੀਤੀ –
ਮਾਂ ਚੰਦੂ ਨੇ ਮੇਰੀ ਹਾਕੀ
ਤੋੜ ਦਿੱਤੀ।
– ਲੇਕਿਨ ਕਿਉਂ? –
ਮਾਂ ਨੇ ਨਰਾਜ ਹੁੰਦੇ
ਹੋਏ ਪੁੱਛਿਆ।
– ਕਿਉਂਕਿ ਮੈਂ ਉਸ ਦੀ ਲੱਤ
ਤੇ ਮਾਰ ਦਿੱਤੀ ਸੀ।
– ਰਾਜੂ ਨੇ ਜਵਾਬ ਦਿੱਤਾ।

---

ਟਿੰਕੂ ਦੁੱਖੀ ਸੀ? ਮਿੰਟੂ ਨੇ ਪੁੱਛਿਆ –
ਟੈਂਸ਼ਨ ਵਿੱਚ ਕਿਉਂ ਹੋ?

ਟਿੰਕੂ : ਯਾਰ, ਇੱਕ ਦੋਸਤ ਨੂੰ ਪਲਾਸਟਿਕ ਸਰਜਰੀ ਲਈ ਦੋ ਲੱਖ ਦਿਤੇ ਸਨ, ਹੁਣ ਉਸ ਨੂੰ ਪਛਾਣ ਨਹੀਂ ਪਾ ਰਿਹਾ ਹਾਂ।

– ਆਕਾਸ਼

ਪਿੰਕੀ : (ਦੀਦੀ ਨੂੰ) ਦੀਦੀ ਰਸ ਦੇ ਨਾਲ ਮਲਾਈ ਕਿਉਂ ਖਾ ਰਹੀ ਹੋ?

ਦੀਦੀ : ਕਿਉਂਕਿ ਮੇਰਾ ਰਸਮਲਾਈ ਖਾਣ ਦਾ ਦਿਲ ਕਰ ਰਿਹਾ ਸੀ।

---

ਮਾਂ : (ਰੋਹਿਤ ਨੂੰ) ਉਠ ਜਾ ਆਲਸੀ, ਸੂਰਜ ਕਦੋਂ ਦਾ ਨਿਕਲ ਆਇਆ ਹੈ।

ਰੋਹਿਤ : ਤਾਂ ਕੀ ਹੋਇਆ ਮਾਂ, ਉਹ ਸੌਂਦਾ ਵੀ ਮੇਰੇ ਤੋਂ ਪਹਿਲਾਂ ਹੈ।

ਇੱਕ ਆਦਮੀ : (ਅੰਬ ਵਾਲੇ ਨੂੰ) ਕੀ ਇਹ ਅੰਬ ਲੰਗੜੇ ਹਨ?

ਅੰਬਵਾਲਾ : ਜੀ ਹਾਂ, ਲੰਗੜੇ ਹੀ ਹਨ। ਲੰਗੜੇ ਨਹੀਂ ਹੁੰਦੇ ਤਾਂ ਮੈਂ ਇਹਨਾਂ ਨੂੰ ਸਿਰ ਤੇ ਚੁੱਕ ਕੇ ਕਿਉਂ ਘੁੰਮਦਾ?

---

ਭਿਖਾਰੀ : (ਰਾਹਗੀਰ ਨੂੰ) ਸਾਹਿਬ! ਪੰਜ ਰੁਪਏ ਦੇ ਦੋ। ਦੋ ਦਿਨਾਂ ਤੋਂ ਖਾਣਾ ਨਹੀਂ ਖਾਧਾ।

ਰਾਹਗੀਰ : ਪਹਿਲਾਂ ਇਹ ਦੱਸ ਕਿ ਪੰਜ ਰੁਪਏ ਵਿੱਚ ਖਾਣਾ ਮਿਲਦਾ ਕਿਥੇ ਹੈ? ਦੋਵੇਂ ਮਿਲ ਕੇ ਖਾਵਾਂਗੇ।

– ਪਿੰਕੀ



ਬਾਲ ਗੀਤ: ਜਸਬੀਰ ਜੱਸੀ

# ਨਵਾਂ ਸਵੇਰਾ

ਰੋਸ਼ਨ ਘੜਾ ਛਲਕਿਆ ਪੂਰਬ ਵਿੱਚ,
ਹੱਸ ਕੇ ਧਰਤ ਨਹਾਈ।
ਨਵੀਂ ਸਵੇਰ ਫਿਰ ਆਈ।

ਲੈ ਕੇ ਨਵਾਂ ਸਰੂਰ ਗੋਦ ਵਿੱਚ,
ਉਤਰੀ ਊਸ਼ਾ ਹੋ ਭਰਪੂਰ।
ਅਤੇ ਸੂਰਜ ਦੀ ਆਕਾਸ਼ ਵਿੱਚ,
ਨਵੀਂ ਕਿਰਣ ਮੁਸਕਾਈ।
ਨਵੀਂ ਸਵੇਰ ਫਿਰ ਆਈ।

ਖਿੜੇ ਨਵੇਂ ਫੁੱਲ ਬਾਗ ਵਿੱਚ,
ਨਵੀਂ ਖੁਸ਼ਬੂ ਵਸ ਗਈ ਹਵਾ ਵਿੱਚ।
ਟਹਿਣੀ-ਟਹਿਣੀ ਤੇ ਇੱਕ ਨਵੀਂ,
ਹਰਿਆਲੀ ਫਿਰ ਤੋਂ ਛਾਈ।
ਨਵੀਂ ਸਵੇਰ ਫਿਰ ਆਈ।

ਨਵੇਂ ਰਾਗ ਵਿੱਚ ਨਵੇਂ ਤਰਾਨੇ,
ਉਡੱ ਕੇ ਪੰਛੀ ਲੱਗੇ ਸੁਣਾਉਣ।
ਭੌਰੇ ਅਤੇ ਤਿਤਲੀਆਂ ਦੀ ਫਿਰ,
ਰੁਨਝੁਨ ਮਨ ਨੂੰ ਭਾਈ।
ਨਵੀਂ ਸਵੇਰ ਫਿਰ ਆਈ।

ਨੰਨੇ-ਨੰਨੇ ਮੁੰਨੇ ਪਏ ਜਾਗ,
ਚਲੇ ਖੇਡਣ, ਆਲਸ ਤਿਆਗ।
ਗੂੰਜ ਉਠਿਆ ਵਿਹੜਾ,
ਜਿਹਨਾਂ ਦੀ ਮਿੱਠੀ ਕਿਲਕਾਰੀ ਆਈ,
ਨਵੀਂ ਸਵੇਰ ਫਿਰ ਆਈ।



# ਸਾਧਾਰਨ ਗਿਆਨ ਪ੍ਰਸ਼ਨੋਤਰੀ



(ਸਭ ਸਵਾਲਾਂ ਦੇ ਜੁਆਬ 'ਡ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)

ਪ੍ਰਸ਼ਨ 1) ਦੇਹਰਾਦੂਨ ਕਿਸ ਭਾਰਤੀ ਰਾਜ ਦੀ ਰਾਜਧਾਨੀ ਹੈ?

ਪ੍ਰਸ਼ਨ 2) ਕਿਸ ਦੇਸ਼ ਦੀ ਕਰੰਸੀ ਨਿਊਜ਼ੀਲੈਂਡ ਡਾਲਰ ਹੈ?

ਪ੍ਰਸ਼ਨ 3) ਸਾਧਾਰਣ ਨਮਕ ਦਾ ਰਸਾਇਣਿਕ ਨਾਂ ਕੀ ਹੈ?

ਪਸ਼ਨ 4) ਮਹਾਤਮਾ ਗਾਂਧੀ ਨੇ ਵਕਾਲਤ ਦੀ ਪੜਾਈ ਕਿਸ ਦੇਸ਼ ਵਿਚ ਕੀਤੀ ਸੀ?

ਪ੍ਰਸ਼ਨ 5) ਸੀਮਿੰਟ ਉਦਯੋਗ ਲਈ ਪ੍ਰਸਿੱਧ ਸ਼ਹਿਰ ਸਿੰਦਰੀ ਕਿਸ ਭਾਰਤੀ ਰਾਜ ਵਿਚ ਹੈ?

ਪ੍ਰਸ਼ਨ 6) ਸਪੇਨ ਦੇਸ਼ ਦੀ ਰਾਜਧਾਨੀ ਦਾ ਕੀ ਨਾਂ ਹੈ?

ਪ੍ਰਸ਼ਨ 7) ਰਾਮਾਇਣ ਦੇ ਕਿਸ ਕਾਂਡ ਵਿਚ ਭਗਵਾਨ ਸ਼੍ਰੀਰਾਮ ਦੇ ਜਨਮ ਅਤੇ ਬਾਲ ਲੀਲਾ ਦਾ ਵਰਣਨ ਕੀਤਾ ਗਿਆ ਹੈ?

ਪ੍ਰਸ਼ਨ 8) ਕਿਸ ਦੇਸ਼ ਦੇ ਨਿਵਾਸੀਆਂ ਨੂੰ 'ਕਿਵੀ' ਕਿਹਾ ਜਾਂਦਾ ਹੈ?

ਪ੍ਰਸ਼ਨ 9) ਭਾਰਤ ਦਾ ਸਭ ਤੋਂ ਲੰਬਾ ਬੰਨ ਕਿਹੜਾ ਹੈ?

ਪ੍ਰਸ਼ਨ 10) ਕਿਸ ਦੇਸ਼ ਨੂੰ ਸਫੇਦ ਹਾਥੀਆਂ ਦੀ ਭੂਮੀ ਕਿਹਾ ਜਾਂਦਾ ਹੈ?

ਪ੍ਰਸ਼ਨ 11) ਛੱਤਰਪਤੀ ਸ਼ਿਵਾ ਜੀ ਦੀ ਪਹਿਲੀ ਰਾਜਧਾਨੀ ਕਿਹੜੀ ਸੀ?

ਪ੍ਰਸ਼ਨ 12) ਸੁੰਤਤਰਤਾ ਸੈਨਾਨੀ ਚੰਦਰਸ਼ੇਖਰ ਆਜ਼ਾਦ ਦੀ ਮੌਤ ਇਲਾਹਾਬਾਦ ਦੇ ਕਿਸ ਪਾਰਕ ਵਿਚ ਹੋਈ ਸੀ?

ਪ੍ਰਸ਼ਨ 13) ਯੂਰਪ ਦੇ ਕਿਸ ਦੇਸ਼ ਨੂੰ 'ਹਜ਼ਾਰ ਝੀਲਾਂ ਦੀ ਭੂਮੀ' ਕਿਹਾ ਜਾਂਦਾ ਹੈ?

ਪ੍ਰਸ਼ਨ 14) ਝੂਮਰੀਤਲਈਆ ਸ਼ਹਿਰ ਕਿਸ ਭਾਰਤੀ ਰਾਜ ਵਿਚ ਹੈ?

ਪ੍ਰਸ਼ਨ 15) ਪੇੜ-ਪੌਦੇ ਕਿਸ ਗੈਸ ਨੂੰ ਆਕਸੀਜਨ ਵਿਚ ਬਦਲਦੇ ਹਨ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)

ਪੇਸ਼ਕਸ਼: ਵਿਕਾਸ ਅਰੋੜਾ



# ਕਿੱਟੀ

ਚਿੱਤਰਕਾਰ ਅਤੇ ਲੇਖਕ
– ਅਜੈ ਕਾਲੜਾ







ਰਾਤ ਦਾ ਸਮਾਂ
ਰਾਤ ਦੇ ਖਾਣੇ ਵਿੱਚ ਮੰਮੀ ਨੇ ਆਲੂ ਦੀ ਸਬਜੀ, ਦਾਲ ਅਤੇ ਰੋਟੀ ਬਣਾਈ।
ਮੰਮੀ ਮੈਂ ਇਹ ਨਹੀਂ ਖਾਣਾ। ਮੈਂ ਤਾਂ ਬਰਗਰ ਖਾਣਾ ਹੈ ਅਤੇ ਕੋਲਡ ਡ੍ਰਿੰਕ ਪੀਣੀ ਹੈ।
ਕਿੱਟੀ ਜ਼ਿੱਦ ਨਹੀਂ ਕਰਦੇ, ਚੁਪਚਾਪ ਖਾ ਲਉ।
ਕਿੱਟੀ ਨੇ ਮੰਮੀ ਤੋਂ ਨਜ਼ਰ ਬਚਾ ਕੇ ਨਾਲ ਪਏ ਗਮਲੇ ਵਿੱਚ ਖਾਣਾ ਸੁੱਟ ਦਿੱਤਾ।
ਅਗਲੇ ਦਿਨ
ਕਿੱਟੀ ਤੂੰ ਦੁੱਧ ਪੀ ਮੈਂ ਹੁਣੇ ਆਉਂਦੀ ਹਾਂ।
ਨਹੀਂ, ਨਹੀਂ! ਮੈਨੂੰ ਦੁੱਧ ਨਹੀਂ ਪਸੰਦ।


ਮੰਮੀ ਦੇ ਜਾਂਦੇ ਹੀ ਕਿੱਟੀ ਦੁੱਧ ਨਾਲ ਭਰੇ ਗਿਲਾਸ ਨੂੰ ਖਿੜਕੀ ਤੋਂ ਬਾਹਰ ਡੋਲ੍ਹ ਦਿੰਦੀ ਹੈ।
ਮੰਮੀ, ਮੈਂ ਹੁਣ ਸਕੂਲ ਜਾ ਰਹੀ ਹਾਂ, ਬਾਏ।
ਸਵੇਰੇ ਸਫਾਈ ਕਰਦੇ ਸਮੇਂ ਮੰਮੀ ਨੂੰ ਗਮਲੇ ਵਿੱਚ ਰਾਤ ਦਾ ਖਾਣਾ ਦਿਖਾਈ ਦਿੱਤਾ। ਮੰਮੀ ਸਮਝ ਗਈ ਕਿ ਇਹ ਕਿੱਟੀ ਨੇ ਹੀ ਕੀਤਾ ਹੈ।


ਸ਼ਾਮ ਦਾ ਸਮਾਂ
ਕਿੱਟੀ ਆਉ ਅਸੀਂ ਇੱਕ ਪੌਦਾ ਲਗਾਉਂਦੇ ਹਾਂ।
ਹਾਂ ਮੰਮੀ। ਮੈਂ ਵੀ ਆਪ ਦੀ ਮਦਦ ਕਰਾਂਗੀ।
ਮੰਮੀ ਪੌਦੇ ਵਿੱਚ ਕੋਲਡ ਡਰਿੰਕ ਪਾਉਣ ਲੱਗੀ।
ਮੰਮੀ, ਤੁਸੀਂ ਇਹ ਕੀ ਕਰ ਰਹੇ ਹੋ, ਕੋਲਡ-ਡ੍ਰਿੰਕ ਨਾਲ ਤਾਂ ਇਹ ਪੌਦਾ ਖਰਾਬ ਹੋ ਜਾਇਗਾ। ਇਸ ਵਿੱਚ ਪਾਣੀ ਪਾਉ।
ਲੇਕਿਨ ਕਿੱਟੀ ਤੂੰ ਵੀ ਤਾਂ ਬਹੁਤ ਕੋਲਡ-ਡ੍ਰਿੰਕ ਪੀਂਦੀ ਹੋ, ਬਰਗਰ ਪੀਜਾ ਖਾਂਦੀ ਹੋ। ਜੇਕਰ ਕੋਲਡ-ਡ੍ਰਿੰਕ ਨਾਲ ਪੌਦਾ ਖਰਾਬ ਹੋ ਸਕਦਾ ਹੈ ਤਾਂ ਇਸ ਨਾਲ ਤੇਰੀ ਸਿਹਤ ਵੀ ਤਾਂ ਖਰਾਬ ਹੋ ਸਕਦੀ ਹੈ।
ਮੈਂ ਸਮਝ ਗਈ ਮੰਮੀ! ਅੱਜ ਤੋਂ ਮੈਂ ਸਿਰਫ ਘਰ ਦਾ ਹੀ ਖਾਣਾ ਖਾਇਆ ਕਰਾਂਗੀ।

# ਘੜਿਆਲ

ਘੜਿਆਲ ਸੱਪਾਂ ਦੇ ਵਰਗ ਦਾ ਸਭ ਤੋਂ ਵੱਡਾ ਜੀਵ ਹੈ। ਇਹ ਗੇਵਿਏਲਿਸ ਵੰਸ਼ ਦਾ ਮਗਰਮੱਛ ਦਾ ਸੰਬੰਧੀ ਹੈ ਪ੍ਰੰਤੂ ਇਸ ਵਿੱਚ ਅਤੇ ਮੱਗਰਮੱਛ ਵਿੱਚ ਕਾਫੀ ਫਰਕ ਹੁੰਦਾ ਹੈ। ਨਰ ਘੜਿਆਲ ਦੇ ਬਾਲਗ ਹੋਣ ਤੇ ਇਸ ਦੇ ਸਿਰੇ ਤੇ, ਇੱਕ ਗੋਲ ਗੇਂਦ-ਵਰਗਾ ਹਿੱਸਾ ਬਣ ਜਾਂਦਾ ਹੈ ਜਿਸ ਨੂੰ ਤੰਬੀ ਕਹਿੰਦੇ ਹਨ।

ਘੜਿਆਲ ਭਾਰਤ ਦੇ ਉਤਰੀ ਇਲਾਕਿਆਂ ਦੀਆਂ ਸਹਾਇਕ ਨਦੀਆਂ ਵਿੱਚ ਮਿਲ ਜਾਂਦੇ ਹਨ। ਇੱਕ ਸਮੇਂ ਵਿੱਚ ਇਹ ਦੱਖਣ ਪੂਰਵ ਏਸ਼ੀਆ ਵਿੱਚ ਬਹੁਤ ਹੁੰਦੇ ਸਨ, ਭਾਰਤ ਵਿੱਚ ਵੀ ਇਹਨਾਂ ਦੇ ਅੰਨ੍ਹੇਵਾਹ ਸ਼ਿਕਾਰ ਅਤੇ ਹਾਲਾਤਾਂ ਦੇ ਬਦਲਾਵ ਦੇ ਕਾਰਣ ਇੱਕ ਵਾਰ ਇਹਨਾਂ ਦੀ ਜਾਤਿ ਭਾਰਤ ਵਿਚੋਂ ਲੁਪਤ ਹੋਣ ਤੇ ਹੀ ਆ ਗਈ ਸੀ। 1975 ਵਿੱਚ ਭਾਰਤ ਵਿੱਚ ਕੇ ਵਲ 100 ਦੇ ਲਗਭਗ ਘੜਿਆਲ ਰਹਿ ਗਏ ਸਨ। ਤਦ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੇ ਮਿਲ ਕੇ ਇਸ ਨੂੰ ਬਚਾਈ ਰੱਖਣ ਲਈ ਇਸ ਦੇ ਸ਼ਿਕਾਰ ਅਤੇ ਨਿਰਯਾਤ ਤੇ ਪਾਬੰਧੀ ਲਗਾ ਦਿੱਤੀ। ਇਸ ਜੀਵ ਦੀ ਰੱਖਿਆ ਲਈ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਦੀਆਂ ਸਰਕਾਰਾਂ ਨੇ ਘੜਿਆਲ ਪਨਾਹਗਾਹ ਯੋਜਨਾਵਾਂ ਸ਼ੁਰੂ ਕੀਤੀਆਂ। ਓੜੀਸ਼ਾ ਵਿੱਚ ਨੰਦਨ ਕਾਨਨ ਘੜਿਆਲੀ ਸੇਂਚੁਰੀ ਬਣਾ ਕੇ ਇਸ ਦੀ ਹੋਂਦ ਨੂੰ ਬਚਾਇਆ ਗਿਆ।

ਆਮਤੌਰ ਤੇ ਘੜਿਆਲ ਦੀ ਲੰਬਾਈ ਤਿੰਨ ਮੀਟਰ ਤੋਂ ਲੈ ਕੇ 4.5 ਮੀਟਰ ਦੀ ਹੁੰਦੀ ਹੈ ਪਰ ਕਦੇ-ਕਦੇ 6 ਮੀਟਰ ਲੰਮੇ ਘੜਿਆਲ ਵੀ ਮਿਲ ਜਾਂਦੇ ਹਨ। ਇਹਨਾਂ ਦੇ ਸਰੀਰ ਦਾ ਉਪਰੀ ਹਿੱਸਾ ਜੈਤੂਨੀ ਰੰਗ ਦਾ ਹੁੰਦਾ ਹੈ ਜੋ ਉਮਰ ਦੇ ਨਾਲ-ਨਾਲ ਗਾੜੇ ਰੰਗ ਦਾ ਹੁੰਦਾ ਜਾਂਦਾ ਹੈ। ਇਸ ਦੇ ਹੇਠਾਂ ਦਾ ਹਿੱਸਾ ਸਫੈਦ ਰਹਿੰਦਾ ਹੈ।

ਘੜਿਆਲ ਦੀ ਚਮੜੀ ਬਹੁਤ ਸਖਤ ਅਤੇ ਮਜ਼ਬੂਤ ਹੁੰਦੀ ਹੈ ਜੋ ਵੇਖਣ ਵਿੱਚ ਚਾਰਖਾਨੇ ਦੀ ਤਰ੍ਹਾਂ ਦਿਸਦੀ ਹੈ। ਇਹਨਾਂ ਦੇ ਸਰੀਰ ਦੇ ਉਪਰ ਦੀ ਚਮੜੀ ਲਗਭਗ ਅੱਧਾ ਸੈਂਟੀਮੀਟਰ ਮੋਟੀ ਹੁੰਦੀ ਹੈ ਜਿਸ ਦੇ ਹੇਠਾਂ ਹੱਡੀਆਂ ਦੀ ਤੈਅ ਰਹਿੰਦੀ ਹੈ। ਪਰ ਇਸ ਦੇ ਹੇਠਲੇ ਹਿੱਸੇ ਦੀ ਚਮੜੀ ਮੋਟੀ ਅਤੇ ਮਜ਼ਬੂਤ ਹੁੰਦੀ ਹੈ। ਇਹ ਕਾਫੀ ਕੀਮਤੀ ਹੁੰਦੀ ਹੈ। ਇਸ ਦੇ ਸੂਟਕੇਸ, ਪਰਸ, ਜੁੱਤੇ ਆਦਿ ਬਣਦੇ ਹਨ।

ਘੜਿਆਲ ਦੇ ਮੂੰਹ ਵਿੱਚ ਹਰ ਤਰ੍ਹਾਂ ਦੀ ਪੰਕਤੀ ਵਿੱਚ 26 ਤੋਂ 30 ਦੰਦ ਰਹਿੰਦੇ ਹਨ। ਇਹ ਦੰਦ ਲੰਮੇ ਸੂਈ ਵਰਗੇ ਤੇਜ਼ ਅਤੇ ਤਿੱਖੇ ਹੁੰਦੇ ਹਨ। ਕਿਸੇ ਸ਼ਿਕਾਰ ਨੂੰ ਫੜ ਕੇ ਘੜਿਆਲ ਜਦ ਮੂੰਹ ਬੰਦ ਕਰਦਾ ਹੈ ਤਾਂ ਇਹ ਦੰਦ ਉਸ ਦੇ ਸਰੀਰ ਨੂੰ ਜਖਮੀ ਕਰ ਦਿੰਦੇ ਹਨ ਫਿਰ ਸ਼ਿਕਾਰ ਘੜਿਆਲ ਦੇ ਮੂੰਹ ਵਿਚੋਂ ਨਹੀਂ ਨਿਕਲ ਸਕਦਾ।

ਘੜਿਆਲ ਦੀਆਂ ਅੱਖਾਂ ਉਭਰੀਆਂ ਹੋਈਆਂ ਰਹਿੰਦੀਆਂ ਹਨ ਜਿਹਨਾਂ ਤੇ ਇੱਕ ਤਰ੍ਹਾਂ ਦੀ ਪਾਰਦਰਸ਼ੀ ਝਿੱਲੀ ਰਹਿੰਦੀ ਹੈ। ਪਾਣੀ ਦੇ ਅੰਦਰ ਜਾਣ ਤੇ ਝਿੱਲੀ ਅੱਖਾਂ ਤੇ ਆ ਜਾਂਦੀ ਹੈ ਜਿਸ ਨਾਲ ਇਹ ਪਾਣੀ ਵਿੱਚ ਵੀ ਆਸਾਨੀ ਨਾਲ ਵੇਖ ਸਕਦੇ ਹਨ।

ਇਹਨਾਂ ਦੀਆਂ ਉਂਗਲੀਆਂ ਕੁੱਝ ਦੂਰ ਤਕ ਆਪਸ ਵਿੱਚ ਜੁੜੀਆਂ ਰਹਿੰਦੀਆਂ ਹਨ ਅਤੇ ਟੰਗਾਂ ਤੇ ਕੁੱਝ ਹਿੱਸਾ ਰੀੜ ਵਾਂਗ ਉਠਿਆ ਹੋਇਆ ਰਹਿੰਦਾ ਹੈ। ਇਹਨਾਂ ਦੀ ਸੁੰਘਣ ਦੀ ਸ਼ਕਤੀ ਬਹੁਤ ਤੇਜ਼ ਹੁੰਦੀ ਹੈ। ਦਿਨ ਵਿੱਚ ਇਹ ਅਕਸਰ ਨਦੀਆਂ ਦੇ ਕਿਨਾਰੇ ਧੁੱਪ ਸੇਕਦੇ ਦਿਖਾਈ ਦੇ ਜਾਂਦੇ ਹਨ। ਸ਼ਾਮ ਨੂੰ ਇਹ ਸ਼ਿਕਾਰ ਤੇ ਨਿਕਲਦੇ ਹਨ। ਇਹ ਮਗਰਮੱਛ ਦੀ ਤਰ੍ਹਾਂ ਹਿੰਸਕ ਨਹੀਂ ਹੁੰਦੇ। ਇਹ ਮਨੁੱਖਾਂ ਅਤੇ ਜਾਨਵਰਾਂ ਤੇ ਹਮਲਾ ਨਹੀਂ ਕਰਦੇ ਪਰ ਲੋੜ ਪੈਣ ਤੇ ਇਹ ਆਪਣੀ ਪੂਛ ਨਾਲ ਘਾਤਕ ਵਾਰ ਕਰ ਸਕਦੇ ਹਨ। ਇਹ ਛੋਟੇ ਆਕਾਰ ਦੀਆਂ ਮੱਛੀਆਂ, ਡੱਡੂ ਆਦਿ ਖਾਂਦੇ ਹਨ।

ਜਾਣਕਾਰੀਪੂਰਣ ਲੇਖ: ਅਨੀਤਾ ਕਪੂਰ



# ਨਰਕ ਅਤੇ ਸਵਰਗ



ਰਾਜਾ ਅਕਬਰ ਦੇ ਸਮੇਂ ਵਿੱਚ ਬੀਰਬਲ ਬਹੁਤ ਬੁੱਧੀਮਾਨ ਵਿਅਕਤੀ ਸੀ। ਉਹ ਹਰ ਸਮੱਸਿਆ ਦਾ ਹੱਲ ਲੱਭ ਲੈਂਦਾ ਸੀ। ਇੱਕ ਦਿਨ ਦਰਬਾਰ ਲੱਗਿਆ ਹੋਇਆ ਸੀ ਅਤੇ ਰਾਜਾ ਅਕਬਰ ਆਪਣੇ ਮੰਤਰੀਆਂ ਨੂੰ ਪੁੱਛ ਰਹੇ ਸੀ ਕਿ ਨਰਕ ਅਤੇ ਸਵਰਗ ਕੀ ਹੈ? ਕਾਫ਼ੀ ਸ਼ੋਰ ਪੈ ਰਿਹਾ ਸੀ। ਕੋਈ ਕਹਿ ਰਿਹਾ ਸੀ ਕਿ ਜੋ ਅਮੀਰ ਹੈ ਉਹ ਸਵਰਗ ਵਿੱਚ ਹੈ ਅਤੇ ਜੋ ਗਰੀਬ ਹੈ ਉਹ ਨਰਕ ਵਿੱਚ ਹੈ। ਕੋਈ ਕਹਿੰਦਾ ਕਿ ਨਰਕ ਅਤੇ ਸਵਰਗ ਮਰਨ ਤੋਂ ਬਾਅਦ ਮਿਲਦਾ ਹੈ। ਜਿਸ ਨੇ ਚੰਗੇ ਕਰਮ ਕੀਤੇ ਹਨ ਉਹ ਸਵਰਗ ਵਿੱਚ ਜਾਂਦਾ ਹੈ ਅਤੇ ਜੋ ਬੁਰੇ ਕਰਮ ਕਰਦਾ ਹੈ ਉਹ ਨਰਕ ਵਿੱਚ। ਬੀਰਬਲ ਦਰਬਾਰ ਵਿੱਚ ਹਾਜ਼ਰ ਨਹੀਂ ਸੀ। ਇਸ ਲਈ ਕਈ ਉਸ ਦੇ ਖਿਲਾਫ਼ ਬਾਦਸ਼ਾਹ ਦੇ ਕੰਨ ਭਰ ਰਹੇ ਸਨ ਕਿ ਉਹ ਕਦੇ ਵੀ ਸਮੇਂ ਸਿਰ ਦਰਬਾਰ ਨਹੀਂ ਪਹੁੰਚਦਾ। ਅਕਬਰ ਨੂੰ ਆਪਣੇ ਦਰਬਾਰੀਆਂ ਦੇ ਜਵਾਬਾਂ ਤੋਂ ਸੰਤੁਸ਼ਟੀ ਨਹੀਂ ਹੋ ਰਹੀ ਸੀ। ਇਸ ਲਈ ਉਹ ਬੀਰਬਲ ਦੀ ਰਾਹ ਦੇਖ ਰਹੇ ਸਨ। ਥੋੜੀ ਦੇਰ ਬਾਅਦ ਹੀ ਬੀਰਬਲ ਦਰਬਾਰ ਵਿੱਚ ਦਾਖਿਲ ਹੋਇਆ ਅਤੇ ਸਿਰ ਝੁਕਾ ਕੇ ਬਾਦਸ਼ਾਹ ਅਕਬਰ ਨੂੰ ਨਮਸਕਾਰ ਕੀਤੀ।

ਰਾਜਾ ਅਕਬਰ ਨੇ ਬੀਰਬਲ ਨੂੰ ਵੀ ਉਹੀ ਸਵਾਲ ਪੁੱਛਿਆ ਕਿ ਨਰਕ ਅਤੇ ਸਵਰਗ ਕੀ ਹੈ? ਇਸ ਦੇ ਨਾਲ ਹੀ ਅਕਬਰ ਨੇ ਬੀਰਬਲ ਨੂੰ ਕਿਹਾ ਕਿ ਤੂੰ ਦਰਬਾਰ ਵਿੱਚ ਲੇਟ ਆਇਆ ਹੈਂ, ਇਸ ਲਈ ਇਸ ਸਵਾਲ ਦਾ ਜਵਾਬ ਤੈਨੂੰ ਸਹੀ ਦੇਣਾ ਪਵੇਗਾ। ਬੀਰਬਲ ਨੇ ਆਦਰ ਸਹਿਤ ਕਿਹਾ - ਠੀਕ ਹੈ ਮਹਾਰਾਜ। ਫਿਰ ਬੀਰਬਲ ਬਾਦਸ਼ਾਹ ਨੂੰ ਕਹਿਣ ਲੱਗਾ - ''ਜਹਾਂਪਨਾਹ, ਜੋ ਇਨਸਾਨ ਅੱਜ ਦੇ ਸਮੇਂ ਵਿੱਚ ਖੁਸ਼ ਹੈ, ਜਿਸ ਕੋਲ ਸਬਰ-ਸੰਤੋਸ਼ ਹੈ ਅਤੇ ਜੋ ਸਭ ਦਾ ਹੀ ਭਲਾ ਮੰਗਦਾ ਹੈ ਭਾਵੇਂ ਉਹ ਗਰੀਬ ਹੀ ਕਿਉਂ ਨਾ ਹੋਵੇ ਉਹ ਇਨਸਾਨ ਸਵਰਗ ਵਿੱਚ ਹੈ। ਜੋ ਇਨਸਾਨ ਖੁਸ਼ ਨਹੀਂ ਭਾਵੇਂ ਉਹ ਅਮੀਰ ਹੋਵੇ ਅਤੇ ਜੋ ਦੂਸਰਿਆਂ ਦਾ ਭਲਾ ਨਹੀਂ ਸੋਚਦਾ, ਉਹੀ ਨਰਕ ਵਿੱਚ ਹੈ।'' ਰਾਜਾ ਅਕਬਰ ਬੀਰਬਲ ਦੇ ਜਵਾਬ ਤੋਂ ਥੋੜ੍ਹਾ ਸਹਿਮਤ ਤਾਂ ਹੋਏ ਪਰ ਉਨ੍ਹਾਂ ਨੇ ਬੀਰਬਲ ਨੂੰ ਕਿਹਾ ਕਿ ਬੀਰਬਲ ਜੇਕਰ ਤੂੰ ਸਿੱਧ ਕਰ ਦੇਵੇਂ, ਮੈਂ ਤਾਂ ਹੀ ਮੰਨਾਂਗਾ। ਬੀਰਬਲ ਨੇ ਕਿਹਾ - ''ਜਹਾਂਪਨਾਹ ਮੈਂ ਆਪ ਜੀ ਨੂੰ ਕੁੱਝ ਹੀ ਦਿਨਾਂ ਵਿੱਚ ਸਿੱਧ ਕਰਕੇ ਦੱਸ ਦੇਵਾਂਗਾ।'' ਬੀਰਬਲ ਅਗਲੀ ਸ਼ਾਮ ਬਾਦਸ਼ਾਹ ਅਕਬਰ ਨੂੰ ਆਪਣੇ ਨਾਲ ਲੈ ਕੇ ਚੱਲ ਪਿਆ। ਉਹ ਇੱਕ ਜੰਗਲ ਤੋਂ ਥੋੜੀ ਹੀ ਦੂਰ ਇੱਕ ਝੌਂਪੜੀ ਕੋਲ ਪਹੁੰਚੇ। ਹਨੇਰਾ ਹੋ ਚੁੱਕਾ ਸੀ। ਉਸ ਝੌਂਪੜੀ ਵਿੱਚ ਇੱਕ ਗਰੀਬ ਇਨਸਾਨ ਨਾਲ ਉਸ ਦੀ ਪਤਨੀ ਅਤੇ ਇੱਕ ਬੇਟਾ ਰਹਿੰਦੇ ਸਨ। ਉਹ ਇਨਸਾਨ ਜੰਗਲ ਵਿੱਚੋਂ ਲੱਕੜੀਆਂ ਕੱਟ ਕੇ ਅਤੇ ਆਪਣੇ ਛੋਟੇ ਜਿਹੇ ਖੇਤ ਵਿੱਚ ਕੰਮ ਕਰਕੇ ਆਪਣੇ ਪਰਿਵਾਰ ਦਾ ਪੇਟ ਭਰਦਾ ਸੀ। ਬੀਰਬਲ ਨੇ ਬਾਦਸ਼ਾਹ ਅਕਬਰ ਨੂੰ ਕਿਹਾ - ''ਜਹਾਂਪਨਾਹ, ਅਸੀਂ ਛੁੱਪ ਕੇ ਉਸ ਝੌਂਪੜੀ ਵਿੱਚ ਜੋ ਹੋਵੇਗਾ, ਦੇਖਾਂਗੇ।'' ਦੋਨੋਂ ਛੁੱਪ ਕੇ ਝੌਂਪੜੀ ਵਿੱਚ ਦੇਖਣ ਲੱਗੇ। ਉਹ ਇਨਸਾਨ ਬਹੁਤ ਖੁਸ਼ ਨਜ਼ਰ ਆ ਰਿਹਾ ਸੀ ਅਤੇ ਆਪਣੇ ਬੇਟੇ ਨਾਲ ਖੇਡ ਰਿਹਾ ਸੀ। ਉਸ ਦੀ ਪਤਨੀ



ਨੇ ਬਹੁਤ ਹੀ ਨਿਮਰਤਾ ਨਾਲ ਭੋਜਨ ਪਰੋਸਿਆ। ਉਨ੍ਹਾਂ ਤਿੰਨਾਂ ਨੇ ਮਿਲ ਕੇ ਖਾਣਾ ਖਾਧਾ ਅਤੇ ਬਾਅਦ ਵਿੱਚ ਪਰਮਾਤਮਾ ਦਾ ਧੰਨਵਾਦ ਵੀ ਕੀਤਾ। ਉਨ੍ਹਾਂ ਦੀ ਝੌਂਪੜੀ ਵਿੱਚ ਬਹੁਤ ਸ਼ਾਂਤੀ ਸੀ। ਫਿਰ ਹੱਸਦੇ-ਖੇਡਦੇ ਉਹ ਸਭ ਸੌਂ ਗਏ। ਰਾਜਾ ਅਕਬਰ ਕੁਝ ਨਾ ਸਮਝ ਸਕਿਆ। ਅਕਬਰ ਨੇ ਬੀਰਬਲ ਨੂੰ ਇਸ ਬਾਰੇ ਪੁੱਛਿਆ ਤਾਂ ਬੀਰਬਲ ਨੇ ਕਿਹਾ – ''ਜਹਾਂਪਨਾਹ, ਆਪ ਜੀ ਨੂੰ ਇਸ ਦਾ ਜਵਾਬ ਕੱਲ ਸ਼ਾਮ ਨੂੰ ਹੀ ਮਿਲ ਜਾਵੇਗਾ।'' ਅਗਲੇ ਦਿਨ ਬੀਰਬਲ ਨੇ ਬਾਦਸ਼ਾਹ ਤੋਂ ਕੁਝ ਸੋਨੇ ਦੀਆਂ ਮੋਹਰਾਂ ਦੀ ਗੁਜ਼ਾਰਿਸ਼ ਕੀਤੀ। ਬੀਰਬਲ ਸੋਨੇ ਦੀਆਂ ਮੋਹਰਾਂ ਬਾਦਸ਼ਾਹ ਤੋਂ ਲੈ ਕੇ ਉਸ ਗਰੀਬ ਇਨਸਾਨ ਦੇ ਖੇਤਾਂ ਵਿੱਚ ਦੱਬ ਆਇਆ ਜਿੱਥੇ ਉਹ ਕੰਮ ਕਰਦਾ ਸੀ। ਬੀਰਬਲ ਨੇ ਆ ਕੇ ਇਹ ਸਭ ਅਕਬਰ ਨੂੰ ਦੱਸ ਦਿੱਤਾ। ਜਦੋਂ ਉਹ ਗਰੀਬ ਇਨਸਾਨ ਆਪਣੇ ਖੇਤਾਂ ਵਿੱਚ ਕੰਮ ਕਰ ਰਿਹਾ ਸੀ ਤਾਂ ਉਸ ਨੂੰ ਉਹ ਸੋਨੇ ਦੀਆਂ ਮੋਹਰਾਂ ਮਿਲ ਗਈਆਂ ਅਤੇ ਘਰ ਵਾਪਿਸ ਆ ਗਿਆ। ਉਹ ਇਨਸਾਨ ਬਹੁਤ ਖੁਸ਼ ਸੀ ਪਰ ਬੇਚੈਨ ਸੱਭ ਤੋਂ ਵੱਧ ਸੀ। ਅੱਜ ਬੀਰਬਲ ਅਕਬਰ ਬਾਦਸ਼ਾਹ ਨੂੰ ਫਿਰ ਆਪਣੇ ਨਾਲ ਲੈ ਕੇ ਉਸ ਇਨਸਾਨ ਦੀ ਝੌਂਪੜੀ ਵੱਲ ਚੱਲ ਪਿਆ। ਦੋਨੋਂ ਛੁੱਪ ਕੇ ਉਸ ਝੌਂਪੜੀ ਦਾ ਦ੍ਰਿਸ਼ ਦੇਖਣ ਲੱਗੇ। ਉਹ ਇਨਸਾਨ ਝੌਂਪੜੀ ਵਿੱਚ ਖੁਸ਼ ਤਾਂ ਹੈ ਪਰ ਵਾਰ-ਵਾਰ ਸੋਨੇ ਦੀਆਂ ਮੋਹਰਾਂ ਨੂੰ ਗਿਣ ਰਿਹਾ ਹੈ। ਉਸ ਦੀ ਪਤਨੀ ਨੇ ਉਸ ਨੂੰ ਖਾਣਾ ਖਾਣ ਲਈ ਕਿਹਾ ਪਰ ਉਸ ਨੇ ਪਤਨੀ ਵੱਲ ਕੋਈ ਧਿਆਨ ਨਾ ਦਿੱਤਾ ਅਤੇ ਨਾ ਹੀ ਅੱਜ ਉਹ ਆਪਣੇ ਬੇਟੇ ਨਾਲ ਖੇਡ ਰਿਹਾ ਸੀ। ਉਸ ਦਾ ਧਿਆਨ ਸਿਰਫ਼ ਸੋਨੇ ਦੀਆਂ ਮੋਹਰਾਂ ਵਿੱਚ ਹੀ ਲੱਗਿਆ ਹੋਇਆ ਸੀ। ਜਦੋਂ ਉਹ ਮੋਹਰਾਂ ਗਿਣ ਲੈਂਦਾ ਤਾਂ ਉਹ ਫਿਰ ਗਿਣਤੀ ਸ਼ੁਰੂ ਕਰ ਦਿੰਦਾ ਕਿਉਂਕਿ ਉਸ ਦਾ ਮਨ ਬੇਚੈਨ ਹੋ ਗਿਆ ਸੀ। ਉਹ ਸੋਚਦਾ ਸੀ ਕਿ ਹੋ ਸਕਦਾ ਹੈ ਕਿ ਖੇਤ ਵਿੱਚ ਮੋਹਰਾਂ ਹੋਰ ਹੋਣ। ਅੱਜ ਉਹ ਖਾਣਾ ਖਾਧੇ ਬਿਨਾਂ ਹੀ ਸੌਂ ਗਿਆ। ਉਹ ਵਾਰ-ਵਾਰ ਜਾਗ ਰਿਹਾ ਸੀ। ਉਸ ਨੂੰ ਨੀਂਦ ਨਹੀਂ ਆ ਰਹੀ ਸੀ। ਉਹ ਉਠ ਕੇ ਖੇਤਾਂ ਵੱਲ ਚੱਲ ਪਿਆ ਅਤੇ ਖੇਤ ਦੀ ਮਿੱਟੀ ਨੂੰ ਫਿਰ ਪੁੱਟਣ ਲੱਗ ਪਿਆ ਪਰ ਉਸ ਨੂੰ ਕੁਝ ਨਾ ਮਿਲਿਆ। ਕੁਝ ਮੋਹਰਾਂ ਨੇ ਉਸ ਦੇ ਘਰ ਦੀ ਖੁਸ਼ੀ ਖਤਮ ਕਰ ਦਿੱਤੀ। ਬੀਰਬਲ ਅਤੇ ਬਾਦਸ਼ਾਹ ਅਕਬਰ ਨੇ ਇਹ ਸਭ ਕੁੱਝ ਦੇਖ ਲਿਆ ਅਤੇ ਉਹ ਵਾਪਿਸ ਰਾਜ ਮਹਿਲ ਆ ਗਏ।

ਅਗਲੇ ਦਿਨ ਜਦੋਂ ਦਰਬਾਰ ਲੱਗਿਆ ਤਾਂ ਬੀਰਬਲ ਨੇ ਬਾਦਸ਼ਾਹ ਨੂੰ ਪੁੱਛਿਆ – ''ਜਹਾਂਪਨਾਹ, ਆਪ ਜੀ ਨੂੰ ਅਪਣੇ ਸਵਾਲ ਦਾ ਜਵਾਬ ਤਾਂ ਮਿਲ ਹੀ ਗਿਆ ਹੋਵੇਗਾ।'' ਬਾਦਸ਼ਾਹ ਨੇ ਕਿਹਾ – ''ਹਾਂ ਬੀਰਬਲ, ਜਿਸ ਤਰ੍ਹਾਂ ਤੂੰ ਜਵਾਬ ਦਿੱਤਾ ਸੀ ਉਹ ਤੂੰ ਸਿੱਧ ਕਰ ਕੇ ਦਿਖਾਇਆ ਹੈ। ਇਸ ਲਈ ਬੁੱਧੀਮਾਨੀ ਅਤੇ ਅਕਲਮੰਦੀ ਵਿੱਚ ਤੇਰਾ ਕੋਈ ਜਵਾਬ ਨਹੀਂ।'' ਬਾਦਸ਼ਾਹ ਨੇ ਬੀਰਬਲ ਨੂੰ ਉਹ ਸਭ ਕੁਝ ਜੋ ਉਨ੍ਹਾਂ ਦੀ ਅੱਖਾਂ ਅੱਗੇ ਵਾਪਰਿਆ ਸੀ, ਉਹ ਦਰਬਾਰ ਵਿੱਚ ਦੱਸਣ ਲਈ ਕਹਿ ਦਿੱਤਾ। ਇਸ ਘਟਨਾ ਬਾਰੇ ਸੁਣ ਕੇ ਸਭ ਬੀਰਬਲ ਦੇ ਜਵਾਬ ਤੋਂ ਪੂਰੀ ਤਰ੍ਹਾਂ ਸਹਿਮਤ ਹੋ ਗਏ। ਬਾਦਸ਼ਾਹ ਨੇ ਬੀਰਬਲ ਨੂੰ ਗਲ ਨਾਲ ਲਾ ਲਿਆ ਅਤੇ ਕਿਹਾ ਕਿ ਬੀਰਬਲ, ਤੂੰ ਉਸ ਇਨਸਾਨ ਤੋਂ ਸੋਨੇ ਦੀਆਂ ਮੋਹਰਾਂ ਵੀ ਵਾਪਿਸ ਲੈ ਆ ਤਾਂ ਜੋ ਉਹ ਪਰਿਵਾਰ ਫਿਰ ਖੁਸ਼ੀ-ਖੁਸ਼ੀ ਰਹਿਣ ਲੱਗੇ। ਬੀਰਬਲ ਨੇ ਸਿਰ ਝੁਕਾ ਕੇ ਕਿਹਾ – ''ਠੀਕ ਹੈ ਜਾਹਪਨਾਹ।''

**ਬਾਲ ਕਹਾਣੀ: ਅਮਨਪ੍ਰੀਤ ਸਿੰਘ**





# ਕੀ ਤੁਸੀਂ ਜਾਣਦੇ ਹੋ

- ਹਾਥੀ ਦੀ ਸੁੰਡ ਵਿੱਚ ਇੱਕ ਵੀ ਹੱਡੀ ਨਹੀਂ ਹੁੰਦੀ। ਸੁੰਡ ਵਿੱਚ ਕੇਵਲ ਮਾਸਪੇਸ਼ੀਆਂ ਹੁੰਦੀਆਂ ਹਨ।
- ਕੋਬਰਾ ਸੱਪ ਦੇ ਇੱਕ ਗ੍ਰਾਮ ਜ਼ਹਿਰ ਨਾਲ 150 ਵਿਅਕਤੀਆਂ ਦੀ ਮੌਤ ਹੋ ਸਕਦੀ ਹੈ।
- ਕੇਂਚੁਆ ਆਪਣੇ ਵਜਨ ਤੋਂ ਦਸ ਗੁਣਾ ਜ਼ਿਆਦਾ ਵਜਨ ਖਿੱਚ ਸਕਦਾ ਹੈ
- ਅਫਰੀਕਾ ਵਿੱਚ ਪਾਇਆ ਜਾਣ ਵਾਲਾ ਮੈਡ੍ਰਿਕ ਇੱਕ ਅਜਿਹਾ ਪੌਦਾ ਹੈ ਜਿਸ ਦੀ ਸ਼ਕਲ ਮਨੁੱਖ ਨਾਲ ਮਿਲਦੀ-ਜੁਲਦੀ ਹੈ ਅਤੇ ਉਸ ਨੂੰ ਉਖਾੜਨ ਤੇ ਬੱਚੇ ਦੇ ਰੋਣ ਦੀ ਆਵਾਜ਼ ਆਉਂਦੀ ਹੈ।
- ਜਿਰਾਫ ਬੋਲ ਨਹੀਂ ਸਕਦਾ ਕਿਉਂਕਿ ਉਹ ਜਨਮਜਾਤ ਗੂੰਗਾ ਹੁੰਦਾ ਹੈ।
- ਮੱਛਰ ਆਪਣੇ ਵਜਨ ਤੋਂ ਤਿੰਨ ਗੁਣਾ ਜ਼ਿਆਦਾ ਖ਼ੂਨ ਪੀ ਸਕਦਾ ਹੈ।
- ਫ੍ਰਾਂਸ ਦੀ ਜਲਵਾਯੂ ਅਜਿਹੀ ਹੈ ਕਿ ਉਥੇ ਮੱਛਰ ਪੈਦਾ ਨਹੀਂ ਹੋ ਸਕਦੇ।
- ਕੇਲੇ ਦੇ ਰੁੱਖ ਵਿੱਚ ਲੱਕੜੀ ਨਹੀਂ ਹੁੰਦੀ ਅਤੇ ਤਨੇ ਵਿੱਚ ਚਿਕਨੀ ਰੇਸ਼ੇਦਾਰ ਜਲਭਰਪੂਰ ਪਰਤ ਪਾਈ ਜਾਂਦੀ ਹੈ।
- ਸਭ ਤੋਂ ਵੱਡੀ ਖਾੜੀ ਮੈਕਸੀਕੋ ਦੀ ਖਾੜੀ ਹੈ।
- ਸਭ ਤੋਂ ਤੇਜ਼ ਵੱਧਣ ਵਾਲਾ ਪੌਦਾ ਬਾਂਸ ਹੈ।
- ਵਿਸ਼ਵ ਦੀ ਸਭ ਤੋਂ ਉਚੀ ਚੋਟੀ ਮਾਊਂਟ ਐਵਰੈਸਟ ਹੈ।
- ਕੇਂਦਰੀ ਆਲੂ ਰਿਸਰਚ ਸ਼ਿਮਲਾ ਵਿੱਚ ਹੈ।
- ਨੈਸ਼ਨਲ ਡੇਅਰੀ ਰਿਸਰਚ ਸੰਸਥਾਨ ਕਰਨਾਲ ਵਿੱਚ ਹੈ।
- ਕੇਂਦਰੀ ਜੰਗਲੀ ਰਿਸਰਚ ਸੰਸਥਾਨ ਦੇਹਰਾਦੂਨ ਵਿੱਚ ਹੈ।
- ਕੇਂਦਰੀ ਭਵਨ ਰਿਸਰਚ ਸੰਸਥਾਨ ਰੁੜਕੀ ਵਿੱਚ ਹੈ।
- ਕੇਂਦਰੀ ਦਵਾਈ ਸੰਸਥਾਨ ਲਖਨਊ ਵਿੱਚ ਹੈ।
- ਭਾਰਤੀ ਖਾਗੋਲ ਵਿਗਿਆਨ ਸੰਸਥਾਨ ਬੰਗਲੌਰ ਵਿੱਚ ਹੈ।
- ਭਾਰਤੀ ਰਬੜ ਸ਼ੋਧ ਸੰਸਥਾਨ ਕੋਟੱਯਮ ਵਿੱਚ ਹੈ।

ਸੰਗ੍ਰਹਿ ਕਰਤਾ: ਵਿਦਿਆ ਪ੍ਰਕਾਸ਼



# ਆਪਣਾ ਸਧਾਰਣ ਗਿਆਨ ਵਧਾਉ

## ਆਰਕੀਟੈਕਚਰ ਕਲਾ ਕਿਸ ਨੂੰ ਕਹਿੰਦੇ ਹਨ?

ਇਮਾਰਤਾਂ ਦੇ ਨਿਰਮਾਣ ਦੀ ਵਿਧੀ ਨੂੰ ਆਰਕੀਟੈਕਚਰ ਕਲਾ ਕਹਿੰਦੇ ਹਨ। ਹਿੰਦੂ, ਮੁਸਲਮਾਨ, ਈਸਾਈ ਆਦਿ ਸਾਰਿਆਂ ਦੀ ਆਪਣੀ-ਆਪਣੀ ਆਰਕੀਟੈਕਚਰ ਸ਼ੈਲੀ ਰਹੀ ਹੈ। ਆਰਕੀਟੈਚਰ ਸ਼ੈਲੀ ਸਥਾਨਕ ਕੁਦਰਤੀ ਹਾਲਾਤਾਂ, ਪ੍ਰਾਪਤ ਸਮੱਗਰੀ ਅਤੇ ਲੋੜ ਤੇ ਨਿਰਭਰ ਕਰਦੀ ਹੈ। ਹੜੱਪਾ ਸਭਿਅਤਾ ਵਿੱਚ ਇਮਾਰਤਾਂ ਇੱਟਾਂ ਨਾਲ ਨਿਰਮਿਤ ਸਨ। ਜਦਕਿ ਬਾਦ ਵਿੱਚ ਮੰਦਿਰਾਂ ਅਤੇ ਮਸਜਿੱਦਾਂ ਵਿੱਚ ਮੁਖ ਰੂਪ ਨਾਲ ਪੱਥਰਾਂ ਦਾ ਹੀ ਪ੍ਰਯੋਗ ਹੋਇਆ ਸੀ। ਭਾਰਤੀ ਮੰਦਿਰਾਂ ਅਤੇ ਮਸਜਿਦਾਂ ਵਿੱਚ ਆਰਕੀਟੈਕਚਰ ਸ਼ੈਲੀ ਮੁਖ ਰੂਪ ਨਾਲ ਦੋ ਸ਼ੈਲੀਆਂ ਵਿੱਚ ਵੰਡੀ ਹੋਈ ਹੈ। ਦ੍ਰਵਿੜ ਸ਼ੈਲੀ ਅਤੇ ਨਾਗਰ ਸ਼ੈਲੀ।

## ਇੰਦਰਧਨੁਸ਼ੀ ਕ੍ਰਾਂਤੀ ਕੀ ਹੈ?

ਨਵੀਂ ਰਾਸ਼ਟਰੀ ਖੇਤੀਬਾੜੀ ਨੀਤੀ ਵਿੱਚ ਦੁੱਧ (ਸਫੈਦ ਕ੍ਰਾਂਤੀ), ਮੱਛੀ ਉਤਪਾਦਨ (ਨੀਲੀ ਕ੍ਰਾਂਤੀ), ਤਿਲਹਨ ਉਤਪਾਦਨ (ਪੀਲੀ ਕ੍ਰਾਂਤੀ) ਅਤੇ ਅਨਾਜ ਉਤਪਾਦਨ (ਹਰਿਤ ਕ੍ਰਾਂਤੀ), ਸਾਰਿਆਂ ਨੂੰ ਸਮੁੱਚੇ ਤੌਰ ਤੇ ਵਿਕਸਿਤ ਕਰਨ ਦੀ ਰਣਨੀਤੀ ਅਪਨਾਈ ਗਈ ਹੈ। ਜਿਸ ਨੂੰ ਇੰਦਰਧਨੁਸ਼ੀ ਕ੍ਰਾਂਤੀ ਕਹਿੰਦੇ ਹਨ।

## ਵਿਲੀ ਵਿਲੀ ਕੀ ਹੈ?

ਵਿਲੀ ਵਿਲੀ ਉਤਰੀ ਪੱਛਮੀ ਆਸਟ੍ਰੇਲੀਆ ਵਿੱਚ ਗਰਮੀਆਂ ਦੀ ਰੁੱਤ ਵਿੱਚ ਚੱਲਣ ਵਾਲੀ ਗਰਮਦੇਸ਼ਾਂ ਦੀ ਹਵਾ ਹੈ। ਜਿਸ ਦਾ ਸਮਾਂ ਅਤੇ ਮਾਰਗ ਅਕਸਰ ਅਨਿਸ਼ਚਿਤ ਹੁੰਦਾ ਹੈ। ਆਸਟ੍ਰੇਲੀਆ ਦੇ ਮਾਰੂਥਲਾਂ ਵਿੱਚ ਚੱਲਣ ਵਾਲੀ ਭੰਵਰ ਭਰਪੂਰ ਹਵਾ ਵੀ ਵਿਲੀ ਵਿਲੀ ਕਹਾਉਂਦੀ ਹੈ।

## ਪੁਲਾੜ ਅਤੇ ਆਕਾਸ਼ ਵਿੱਚ ਕੀ ਫਰਕ ਹੈ?

ਆਕਾਸ਼ ਪੂਰੇ ਬ੍ਰਹਮੰਡ ਦਾ ਸੂਚਕ ਹੈ ਜਿਸ ਵਿੱਚ ਸਾਡੀ ਪ੍ਰਿਥਵੀ ਵੀ ਸ਼ਾਮਿਲ ਹੈ ਜਦਕਿ ਪੁਲਾੜ ਦਾ ਅਰਥ ਹੈ ਪ੍ਰਿਥਵੀ ਨੂੰ ਛੱਡ ਕੇ ਬਾਕੀ ਸਾਰੇ ਸਥਾਨ।


ਪੇਸ਼ਕਸ਼: ਵਿਭਾ ਵਰਮਾ

## ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

*1) ਉਤਰਾਖੰਡ*
*2) ਨਿਊਜ਼ੀਲੈਂਡ*
*3) ਸੋਡੀਅਮ ਕਲੋਰਾਈਡ*
*4) ਇੰਗਲੈਂਡ*
*5) ਝਾਰਖੰਡ*
*6) ਮੈਡ੍ਰਿਡ*
*7) ਬਾਲ ਕਾਂਡ*
*8) ਨਿਊਜ਼ੀਲੈਂਡ*
*9) ਹੀਰਾ ਕੁੰਡ*
*10) ਥਾਈਲੈਂਡ*
*11) ਰਾਇਗੜ*
*12) ਏਲਫ੍ਰੇਡ*
*13) ਫਿਨਲੈਂਡ*
*14) ਝਾਰਖੰਡ*
*15) ਕਾਰਬਨ ਡਾਇਆਕਸਾਈਡ*

ਜਾਣਕਾਰੀ: ਕਿਰਣ ਬਾਲਾ

# ਸਮੁੰਦਰੀ ਗਾਂ



ਧਰਤੀ ਤੇ ਵਿਚਰਣ ਕਰਦੀਆਂ ਗਾਵਾਂ ਤਾਂ ਤੁਸੀਂ ਵੇਖੀਆਂ ਹਨ, ਪਰ ਸ਼ਾਇਦ ਤੁਸੀਂ ਨਹੀਂ ਜਾਣਦੇ ਕਿ ਸਮੁੰਦਰ ਵਿੱਚ ਵੀ ਗਾਵਾਂ ਹੁੰਦੀਆਂ ਹਨ, ਜਿਹਨਾਂ ਨੂੰ ਸਮੁੰਦਰੀ ਗਾਵਾਂ ਕਿਹਾ ਜਾਂਦਾ ਹੈ। ਸਮੁੰਦਰ ਵਿੱਚ ਰਹਿਣ ਵਾਲਾ ਇਹ ਜੀਵ ਬੜਾ ਅਨੋਖਾ ਹੈ। ਧਰਤੀਆਂ ਦੀਆਂ ਗਾਵਾਂ ਨਾਲ ਇਸ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਆਕਾਰ ਵਿੱਚ ਵੱਡੀਆਂ ਇਹ ਗਾਵਾਂ ਰਫਤਾਰ ਵਿੱਚ ਬੜੀਆਂ ਤੇਜ਼ ਨਹੀਂ ਹੁੰਦੀਆਂ ਹਨ।

ਸਮੁੰਦਰੀ ਗਾਵਾਂ ਦੀ ਕਮਰ ਦੇ ਉਪਰ ਦੇ ਅੰਗ ਨਹੀਂ ਹੁੰਦੇ ਅਤੇ ਇਸ ਦੀ ਜਗ੍ਹਾ ਪੱਧਰੀ ਪੂਛ ਹੁੰਦੀ ਹੈ। ਅੱਗੇ ਦੇ ਅੰਗ ਫਿਲਪਰ ਵਰਗੇ ਹੁੰਦੇ ਹਨ। ਚਮੜੀ ਚਿਕਨੀ ਵਾਲਰਹਿਤ ਹੁੰਦੀ ਹੈ। ਉਂਝ ਇਸ ਦੀਆਂ ਚਾਰ ਕਿਸਮਾਂ ਹੁੰਦੀਆਂ ਹਨ। ਪਹਿਲੇ ਵਰਗ ਵਿੱਚ ਡੁਗੋਂਗ ਆਉਂਦੀ ਹੈ ਅਤੇ ਬਾਕੀ ਤਿੰਨ ਵਰਗ ਵਿੱਚ ਮੈਨਾਟੀ ਆਉਂਦੀ ਹੈ। ਕਿਸਮ ਦੇ ਆਧਾਰ ਤੇ ਇਹਨਾਂ ਦੇ ਆਕਾਰ ਵਿੱਚ ਥੋੜੀ ਭਿੰਨਤਾ ਹੁੰਦੀ ਹੈ ਜਿਵੇਂ ਡੁਗੋਂਗ ਦੀ ਪੂਛ ਦਾਣੇਦਾਰ ਹੁੰਦੀ ਹੈ। ਜਦਕਿ ਮੈਨਾਟੀ ਦੀ ਗੋਲ ਅਤੇ ਪੈਡਲਨੁਮਾ। ਜਿਥੋਂ ਤਕ ਡੁਗੋਂਗ ਕਿਸਮ ਦੀ ਸਮੁੰਦਰੀ ਗਾਂ ਦਾ ਸਵਾਲ ਹੈ, ਉਹ ਹਿੰਦ ਮਹਾਂਸਾਗਰ ਤੋਂ ਲੈ ਕੇ ਆਸਟ੍ਰੇਲੀਆਂ ਦੇ ਉਤਰੀ ਕਿਨਾਰਿਆਂ ਤਕ ਮਿਲ ਸਕਦੀ ਹੈ ਜਦਕਿ ਮੈਨਾਟੀ ਦੀਆਂ ਤਿੰਨ ਕਿਸਮਾਂ ਉਤਰੀ ਅਮਰੀਕਾ, ਦੱਖਣੀ ਅਮਰੀਕਾ ਅਤੇ ਪੱਛਮੀ ਅਫਰੀਕਾ ਵਿੱਚ ਪਾਈਆਂ ਜਾਂਦੀਆਂ ਹਨ।

ਡੁਗੋਂਗ ਕਿਸਮ ਦੀ ਸਮੁੰਦਰੀ ਗਾਂ ਦੀ ਲੰਬਾਈ ਅੱਠ ਤੋਂ ਨੌਂ ਫੁੱਟ ਤਕ ਹੋ ਸਕਦੀ ਹੈ ਜਦਕਿ ਮੈਨਾਟੀ ਦੀ ਲੰਬਾਈ 15 ਫੁੱਟ ਵੇਖੀ ਗਈ ਹੈ। ਮੈਨਾਟੀ ਸਮੁੰਦਰੀ ਗਾਂ ਦਾ ਚਿਹਰਾ ਆਦਮੀ ਨਾਲ ਮਿਲਦਾ ਹੈ ਅਤੇ ਪੂਛ ਮੱਛੀ ਵਰਗੀ ਹੁੰਦੀ ਹੈ। ਲੋਕ ਇਸ ਨੂੰ ਵੇਖ ਕੇ ਜਲਪਰੀਆਂ ਦੀ ਕਲਪਨਾ ਕਰਨ ਲੱਗਦੇ ਹਨ।

ਸਮੁੰਦਰੀ ਗਾਂ ਦਾ ਮੁੱਖ ਭੋਜਨ ਸਮੁੰਦਰੀ ਘਾਹ ਹੈ। ਦੋਨੋਂ ਹੀ ਪ੍ਰਜਾਤੀ ਦੀਆਂ ਸਮੁੰਦਰੀ ਗਾਵਾਂ ਦੇ ਚਰਨ ਦੇ ਤਰੀਕੇ ਭਿੰਨ ਹੁੰਦੇ ਹਨ। ਇਹ ਇੱਕ ਦਿਨ ਵਿੱਚ 50 ਕਿਲੋਗ੍ਰਾਮ ਤਕ ਘਾਹ ਖਾ ਲੈਂਦੀ ਹੈ। ਇਹਨਾਂ ਦੇ ਦੰਦ ਡਿਗਦੇ ਰਹਿੰਦੇ ਹਨ ਅਤੇ ਉਹਨਾਂ ਦੀ ਥਾਂ ਤੇ ਨਵੇਂ ਦੰਦ ਉਗ ਆਉਂਦੇ ਹਨ। ■

- *ਪਰਮਪਿਤਾ ਪ੍ਰਮਾਤਮਾ ਨੂੰ ਜਾਣ ਕੇ ਹੀ ਵਿਸ਼ਵ ਸ਼ਾਂਤੀ ਸੰਭਵ ਹੈ। ਗੁਰੂਆਂ-ਪੀਰਾਂ-ਅਵਤਾਰਾਂ ਦੇ ਨਕਸ਼ੇ-ਕਦਮਾਂ ਤੇ ਚਲ ਕੇ ਹੀ ਮਾਨਵ ਕਲਿਆਣ ਸੰਭਵ ਹੈ।*
  *– ਬਾਬਾ ਹਰਦੇਵ ਸਿੰਘ ਜੀ*
- *ਆਪਣੀਆਂ ਲੋੜਾਂ ਨੂੰ ਸੀਮਿਤ ਕਰ ਲੈਣਾ ਹਮੇਸ਼ਾਂ ਸੁਖਦਾਇਕ ਹੁੰਦਾ ਹੈ।*
  *– ਸ਼ੋਪੇਨਹਾਵਰ*
- *ਅਗਰ ਤੁਸੀਂ ਅਗਿਆਨਤਾ ਦੇ ਕਾਰਣ ਭਗਵਾਨ ਨੂੰ ਨਹੀਂ ਵੇਖ ਸਕਦੇ ਤਾਂ ਇਸ ਦਾ ਕਾਰਣ ਇਹ ਨਹੀਂ ਕਿ ਭਗਵਾਨ ਨਹੀਂ ਹੈ।*
  *– ਰਾਮਕ੍ਰਿਸ਼ਣ ਪਰਮਹੰਸ*
- *ਗੁਲਾਬ ਦਾ ਫੁੱਲ ਦੇਣ ਵਾਲੇ ਹੱਥਾਂ ਨਾਲ ਖੁਸ਼ਬੂ ਚਿਪਕੀ ਰਹਿੰਦੀ ਹੈ।*
  *– ਚੀਨੀ ਕਹਾਵਤ*



# ਮਿਹਨਤ ਕਰਨ ਵਾਲੇ ਨੂੰ ਹੀ ਮਿਲਦਾ ਹੈ ਫਲ

ਜਿਵੇਂ-ਜਿਵੇਂ ਪ੍ਰੀਖਿਆਵਾਂ ਦੇ ਦਿਨ ਨੇੜੇ ਆਉਂਦੇ ਜਾ ਰਹੇ ਸਨ, ਰਾਜੂ ਦੀ ਪ੍ਰੇਸ਼ਾਨੀ ਵਧਦੀ ਜਾ ਰਹੀ ਸੀ। ਉਸ ਨੇ ਪੂਰਾ ਸਾਲ ਪੜ੍ਹਾਈ-ਲਿਖਾਈ ਨਹੀਂ ਕੀਤੀ ਸੀ। ਪਾਠਪੁਸਤਕਾਂ ਨੂੰ ਕਦੇ ਹੱਥ ਤਕ ਨਹੀਂ ਲਗਾਇਆ ਸੀ। ਜਮਾਤ ਵਿੱਚ ਕਦੇ ਟੀਚਰ ਦੀਆਂ ਗੱਲਾਂ ਵੱਲ ਧਿਆਨ ਦੇਣ ਦੀ ਉਸ ਨੇ ਲੋੜ ਹੀ ਨਹੀਂ ਸਮਝੀ ਸੀ। ਘਰ ਵਿੱਚ ਵੀ ਉਹ ਕਿਸੇ ਦਾ ਕਹਿਣਾ ਨਹੀਂ ਮੰਨਦਾ ਸੀ। ਸਕੂਲ ਤੋਂ ਘਰ ਆਉਂਦੇ ਹੀ ਉਹ ਖੇਡਣ ਲਈ ਬਾਹਰ ਨਿਕਲ ਜਾਂਦਾ ਅਤੇ ਕਾਫੀ ਦੇਰ ਬਾਦ ਘਰ ਵਾਪਸ ਆਉਂਦਾ। ਸਵੇਰੇ ਵੀ ਉਹ ਦੇਰ ਨਾਲ ਉਠ ਕੇ ਛੇਤੀ-ਛੇਤੀ ਨਹਾ-ਧੋ ਕੇ ਕਿਸੇ ਤਰ੍ਹਾਂ ਤਿਆਰ ਹੋ ਕੇ ਸਕੂਲ ਲਈ ਚਲ ਪੈਂਦਾ।

ਉਸ ਦੀ ਕੁੱਝ ਸਮਝ ਵਿੱਚ ਨਾ ਆਇਆ ਕਿ ਐਨੇ ਥੋੜੇ ਜਿਹੇ ਸਮੇਂ ਵਿੱਚ ਉਹ ਪ੍ਰੀਖਿਆ ਨਾਲ ਕਿਵੇਂ ਨਿਬੜੇਗਾ। ਤਦ ਉਸ ਨੂੰ ਸਾਹਮਣੇ ਵਾਲੀ ਪਹਾੜੀ ਦਾ ਧਿਆਨ ਆਇਆ। ਪਿੰਡ ਦੀ ਪਹਾੜੀ ਤੇ ਸਰਸਵੱਤੀ ਦੇਵੀ ਦਾ ਮੰਦਿਰ ਸੀ। ਉਸ ਨੇ ਸੋਚਿਆ - ਚਲ ਕੇ ਵਿਦਿਆ ਦੀ ਦੇਵੀ ਨੂੰ ਮਨਾਇਆ ਜਾਏ। ਦੇਵੀ-ਦੇਵਤਾ ਤਾਂ ਪ੍ਰਾਰਥਨਾ ਨਾਲ ਖੁਸ਼ ਹੋ ਜਾਂਦੇ ਹਨ ਅਤੇ ਮਨੋਕਾਮਨਾ ਪੂਰੀ ਕਰਦੇ ਹਨ।

ਉਹ ਹੁਣ ਰੋਜ ਸਵੇਰੇ ਪਿੰਡ ਦੀ ਪਹਾੜੀ ਤੇ ਦੇਵੀ ਦੇ ਮੰਦਿਰ ਜਾ ਪਹੁੰਚਦਾ। ਉਥੇ ਜਾ ਕੇ ਉਹ ਘੰਟੇ ਵਜਾਉਂਦਾ। ਸਰਸਵਤੀ ਦੀ ਮੂਰਤੀ ਨੂੰ ਫੁੱਲਮਾਲਾ ਪਾਉਂਦਾ, ਧੂਫ-ਵੱਟੀ ਕਰਦਾ ਅਤੇ ਦੇਵੀ ਦੇ ਅੱਗੇ ਖੜਾ ਹੋ ਕੇ ਖੂਬ ਪ੍ਰਾਰਥਨਾ ਕਰਦਾ। ਉਸ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਸਰਸਵਤੀ ਦੇਵੀ ਖੁਸ਼ ਹੋ ਕੇ ਪ੍ਰੀਖਿਆ ਵਿੱਚ ਉਸ ਦੀ ਜ਼ਰੂਰ ਸਹਾਇਤਾ ਕਰੇਗੀ। ਉਹ ਪ੍ਰੀਖਿਆ ਵਿੱਚ ਜ਼ਰੂਰ ਪਾਸ ਹੋ ਜਾਏਗਾ। ਉਸ ਦੀ ਪ੍ਰਾਰਥਨਾ ਅਤੇ ਪੂਜਾ-ਅਰਚਨਾ ਵਿਅਰਥ ਨਹੀਂ ਜਾਏਗੀ।

ਪ੍ਰੀਖਿਆਵਾਂ ਸ਼ੁਰੂ ਹੋ ਚੁੱਕੀਆਂ ਸਨ। ਰਾਜੂ ਦਾ ਇੱਕ ਵੀ ਪਰਚਾ ਠੀਕ ਨਹੀਂ ਜਾ ਰਿਹਾ ਸੀ। ਉਹ ਕਿਸੇ ਵੀ ਸਵਾਲ ਦਾ ਠੀਕ ਤਰ੍ਹਾਂ ਨਾਲ ਉੱਤਰ ਨਹੀਂ ਲਿਖ ਪਾ ਰਿਹਾ ਸੀ। ਫਿਰ ਵੀ ਉਸ ਨੂੰ ਦੇਵੀ ਤੇ ਵਿਸ਼ਵਾਸ ਸੀ। ਉਹ ਸੋਚ ਰਿਹਾ ਸੀ ਕਿ ਕੋਈ ਚਮਤਕਾਰ ਜ਼ਰੂਰ ਹੋ ਜਾਏਗਾ ਪਰ ਉਸ ਦਾ ਅਜਿਹਾ ਸੋਚਣਾ ਠੀਕ ਨਾ ਨਿਕਲਿਆ। ਪ੍ਰੀਖਿਆ ਦੇ ਨਤੀਜੇ ਘੋਸ਼ਿਤ ਕੀਤੇ ਗਏ। ਉਸ ਦੀ ਜਮਾਤ ਦੇ ਕਾਫੀ ਵਿਦਿਆਰਥੀ ਪਾਸ ਹੋ ਗਏ ਸਨ। ਕੁੱਝ ਹੀ ਵਿਦਿਆਰਥੀ ਫੇਲ੍ਹ ਹੋਏ ਸਨ ਜਿਹਨਾਂ ਵਿੱਚ ਉਹ ਵੀ ਸੀ। ਉਸ ਨੇ ਆਪਣਾ ਮੱਥਾ ਪਿੱਟਿਆ। ਉਹ ਬੋਲਿਆ ਭਲਾ ਇਹ ਕਿਵੇਂ ਹੋ ਗਿਆ? ਉਸ ਨੇ ਤਾਂ ਵਿਦਿਆ ਦੀ ਦੇਵੀ ਸਰਸਵਤੀ ਦੀ ਐਨੀ ਜ਼ਿਆਦਾ ਆਰਾਧਨਾ ਕੀਤੀ ਸੀ। ਉਸ ਦੀ ਅਰਾਧਨਾ ਨਿਸ਼ਫਲ ਕਿਵੇਂ ਹੋ ਗਈ?

ਉਹ ਅੱਜ ਸ਼ਾਮ ਨੂੰ ਰੋਜ਼ ਦੀ ਤਰ੍ਹਾਂ ਪਿੰਡ ਦੀ ਪਹਾੜੀ ਤੇ ਜਾ ਕੇ ਦੇਵੀ ਦੇ ਮੰਦਿਰ ਵਿੱਚ ਜਾ ਪਹੁੰਚਾ। ਉਹ ਕ੍ਰੋਧ ਨਾਲ ਭਰ ਕੇ ਬੋਲਿਆ- ਆਪ ਕਿਹੋ ਜਿਹੀ ਦੇਵੀ ਹੋ? ਆਪ ਨੇ ਮੇਰੀ ਪ੍ਰਾਰਥਨਾ ਨਹੀਂ ਸੁਣੀ ਮੈਂ ਆਪ ਦੀ ਐਨੀ ਅਰਾਧਨਾ

ਕੀਤੀ ਪਰ ਮੇਰੀ ਅਰਾਧਨਾ ਨਿਸ਼ਫਲ ਹੋ ਗਈ। ਆਪ ਕਿਵੇਂ ਵਿਦਿਆ ਦੀ ਦੇਵੀ ਕਹਾਉਂਦੀ ਹੋ?

ਉਹ ਥੱਕੇ ਮਨ ਨਾਲ ਮੰਦਿਰ ਤੋਂ ਘਰ ਆ ਗਿਆ। ਥੋੜਾ ਜਿਹਾ ਭੋਜਨ ਕਰਕੇ ਉਹ ਪਲੰਘ ਤੇ ਜਾ ਲੇਟਿਆ। ਉਸ ਨੂੰ ਅੱਜ ਨੀਂਦ ਨਹੀਂ ਆ ਰਹੀ ਸੀ। ਨੀਂਦ ਆਉਣ ਤੇ ਉਸ ਨੇ ਸੁਪਨਾ ਵੇਖਿਆ। ਸੁਪਨੇ ਵਿੱਚ ਉਸ ਨੂੰ ਸਰਸਵਤੀ ਦੇਵੀ ਬੋਲੀ - ਨਾਦਾਨ ਬਾਲਕ! ਤੂੰ ਮੇਰੇ ਤੇ ਬੇਵਜ੍ਹਾ ਕ੍ਰੋਧ ਕੀਤਾ ਹੈ। ਮੈਂ ਵਿਦਿਆ ਸਰਸਵਤੀ ਦੇਵੀ ਹਾਂ। ਮੈਂ ਸੱਚੇ ਅਰਥਾਂ ਵਿੱਚ ਉਹਨਾਂ ਕਿਤਾਬਾਂ ਵਿੱਚ ਰਹਿੰਦੀ ਹਾਂ ਜਿਹਨਾਂ ਨੂੰ ਤੂੰ ਕਦੇ ਹੱਥ ਤਕ ਨਹੀਂ ਲਗਾਇਆ ਹੈ। ਮੈਂ ਅਧਿਐਨਸ਼ੀਲ ਲੋਕਾਂ ਦੇ ਦਿਲਾਂ ਵਿੱਚ ਰਹਿੰਦੀ ਹਾਂ। ਤੂੰ ਪ੍ਰੀਖਿਆ ਵਿਚੋਂ ਪਾਸ ਹੋਣ ਲਈ ਬੜਾ ਸਰਲ ਮਾਰਗ ਅਪਨਾਉਣਾ ਚਾਹਿਆ। ਤੂੰ ਵਾਰ-ਵਾਰ ਮੇਰੇ ਮੰਦਿਰ ਵਿੱਚ ਆ ਕੇ ਆਪਣਾ ਵਕਤ ਬਰਬਾਦ ਕੀਤਾ। ਤੂੰ ਬਿਨਾਂ ਮਿਹਨਤ ਕੀਤੇ ਮੇਰੀ ਖੁਸ਼ੀ ਪਾਉਣੀ ਚਾਹੀ ਪਰ ਮੈਂ ਸਿਰਫ ਉਹਨਾਂ ਲੋਕਾਂ ਦੀ ਸਹਾਇਤਾ ਕਰਦੀ ਹਾਂ ਜੋ ਆਪਣੀ ਸਹਾਇਤਾ ਖੁਦ ਕਰਦੇ ਹਨ। ਪੜ੍ਹਾਈ-ਲਿਖਾਈ ਛੱਡ ਕੇ ਜੋ ਲੋਕ ਮਿਹਨਤ ਤੋਂ ਬੱਚਣਾ ਚਾਹੁੰਦੇ ਹਨ ਉਹ ਦੇਵੀ-ਦੇਵਤਿਆਂ ਦੇ ਪਿੱਛੇ ਪਏ ਰਹਿੰਦੇ ਹਨ। ਯਾਦ ਰੱਖੋ, ਫਲ ਮਿਹਨਤ ਕਰਨ ਵਾਲੇ ਨੂੰ ਹੀ ਮਿਲਦਾ ਹੈ।

ਰਾਜੂ ਦੀ ਨੀਂਦ ਖੁਲ੍ਹ ਗਈ। ਉਸ ਨੇ ਖਿੜਕੀ ਤੋਂ ਬਾਹਰ ਵੇਖਿਆ। ਆਸਮਾਨ ਤੇ ਸੂਰਜ ਦੀ ਪਹਿਲੀ ਕਿਰਣ ਫੁੱਟ ਰਹੀ ਸੀ।

ਉਹ ਬੋਲਿਆ - ਹੁਣ ਮੈਂ ਮਨ ਲਗਾ ਕੇ ਪੜ੍ਹਿਆ ਕਰਾਂਗਾ ਅਤੇ ਪ੍ਰੀਖਿਆ ਵਿੱਚ ਪਾਸ ਹੋ ਕੇ ਰਹਾਂਗਾ।

ਪ੍ਰੇਰਕ ਕਹਾਣੀ: ਸ਼ਿਵਨਰਾਇਣ ਸਿੰਘ



# ਆਈ ਵਿਸਾਖੀ

ਆਈ ਵਿਸਾਖੀ ਆਈ ਵਿਸਾਖੀ।
ਮੁੱਕ ਗਈ ਫਸਲਾਂ ਦੀ ਰਾਖੀ।
ਮੇਲਾ ਵੇਖਣ ਜਾਵਾਂਗੇ।
ਗਰਮ ਜਲੇਬੀਆਂ ਖਾਵਾਂਗੇ।
ਸੁਹਣੇ ਸੁਹਣੇ ਕਪੜੇ ਪਾ ਕੇ।
ਪੱਗ ਆਪਣੀ ਨੂੰ ਮਾਵਾ ਲਾ ਕੇ।
ਝੂਮ ਕੇ ਨੱਚਾਂ ਗਾਵਾਂਗੇ।
ਭੰਗੜੇ ਵਾਧੂ ਪਾਵਾਂਗੇ।
ਖੇਡਾਂ ਵੀ ਤੇ ਹੋਣਗੀਆਂ।
ਖੂਬ ਧਮਾਲਾਂ ਪਾਉਣਗੀਆਂ।
ਬਲਦ ਵੀ ਦੌੜਾਂ ਲਾਵਣਗੇ।
ਕੁੱਕੜ ਚੁੰਝ ਭਿੜਾਵਣਗੇ।
ਸਰਕਸ ਵੀ ਤੇ ਆਏਗੀ।
ਸਭ ਦਾ ਦਿਲ ਬਹਿਲਾਏਗੀ।
ਜੋਕਰ ਖੂਬ ਹਸਾਏਗਾ।
ਕਰਤਬ ਬੜੇ ਦਿਖਾਏਗਾ।
ਰੱਬਾ ਮੇਲੇ ਲਗਦੇ ਰਹਿਣ।
ਸਭ ਦੇ ਚੁੱਲ੍ਹੇ ਮਘਦੇ ਰਹਿਣ।
ਸ਼ਾਲਾ ਜੀਵੇ ਦੇਸ਼ ਮੇਰਾ।
ਕਰੇ ਤਰੱਕੀਆਂ ਦੇਸ਼ ਮੇਰਾ।

ਕਵਿਤਾ: ਦਰਸ਼ਨ ਸਿੰਘ ਕੰਡਾ



# 'ਇਹ ਸਭ ਮੇਰੇ ਆਪਣੇ ਹਨ'

– ਬਾਬਾ ਗੁਰਬਚਨ ਸਿੰਘ ਜੀ

ਇਕ ਸੰਤ ਜੀ ਸੱਚ ਦਾ ਪ੍ਰਚਾਰ ਕਰਦੇ ਸਨ। ਸੱਚ ਲਗਾਤਾਰ ਫੈਲ ਰਿਹਾ ਸੀ। ਹਨੇਰਾ ਦੂਰ ਹੋ ਰਿਹਾ ਸੀ। ਜੋ ਲੋਕ ਸੱਚ ਦੇ ਉਪਾਸ਼ਕ ਸਨ ਉਹ ਹਨੇਰੇ ਦਾ ਸਾਥ ਛੱਡ ਰਹੇ ਸਨ। ਵੇਖਦੇ ਹੀ ਵੇਖਦੇ ਬਹੁਤ ਲੋਕ ਪ੍ਰਕਾਸ਼ ਵੱਲ ਵੱਧਦੇ ਗਏ।

ਹਨੇਰੇ ਦਾ ਸਾਥ ਦੇਣ ਵਾਲੇ ਲੋਕਾਂ ਨੂੰ ਇਹ ਗੱਲ ਕਿਵੇਂ ਪਸੰਦ ਆ ਸਕਦੀ ਸੀ? ਉਹਨਾਂ ਨੇ ਆਪਣੇ ਕੁਝ ਸਾਥੀਆਂ ਨੂੰ ਸੱਚ ਦੇ ਉਪਾਸ਼ਕਾਂ ਤੇ ਹਮਲਾ ਕਰਨ ਲਈ ਕਿਹਾ। ਉਹ ਲੋਕ ਮੌਕਾ ਵੇਖਦੇ ਹੀ ਉਹਨਾਂ ਤੇ ਹਮਲਾ ਕਰਨ ਲੱਗੇ। ਸੰਤ ਸੁਭਾਅ ਦੇ ਲੋਕ ਉਹਨਾਂ ਤੇ ਹਮਲਾ ਨਾ ਕਰਦੇ ਹੋਏ ਉਹਨਾਂ ਨੂੰ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕਰਨ ਲੱਗੇ। ਇਕ ਵਾਰ ਸੱਚ ਦੇ ਉਪਾਸ਼ਕਾਂ ਦੀ ਭੀੜ ਉਤੇ ਹਨੇਰੇ ਦੇ ਉਪਾਸ਼ਕਾਂ ਨੇ ਬੰਦੂਕ ਨਾਲ ਹਮਲਾ ਕਰ ਦਿੱਤਾ। ਸਤਿਸੰਗ ਕਰ ਰਹੇ ਹਜ਼ਾਰਾਂ ਲੋਕਾਂ ਨੂੰ ਚਾਰੋਂ ਪਾਸਿਉਂ ਘੇਰ ਲਿਆ ਅਤੇ ਉਹਨਾਂ ਤੇ ਅੰਧਾਧੁੰਦ ਗੋਲੀਆਂ ਵਰਸਾਉਣ ਲੱਗ ਗਏ। ਰੱਬ ਦੀ ਲੀਲਾ ਇਸ ਤਰ੍ਹਾਂ ਹੋਈ ਕਿ ਹਨੇਰੇ ਦੇ ਉਪਾਸ਼ਕਾਂ ਦੀਆਂ ਗੋਲੀਆਂ ਉਹਨਾਂ ਨੂੰ ਆਪਸ ਵਿਚ ਇਕ ਦੂਜੇ ਨੂੰ ਹੀ ਲੱਗ ਗਈਆਂ। ਕੁਝ ਸੰਤ-ਮਹਾਤਮਾ ਵੀ ਗੋਲੀਆਂ ਦੇ ਸ਼ਿਕਾਰ ਹੋਏ। ਉਸ ਮੌਕੇ ਉਤੇ ਕੁੱਲ 18 ਲੋਕਾਂ ਨੂੰ ਜਾਨ ਤੋਂ ਹੱਥ ਧੋਣਾ ਪਿਆ।

ਉਹਨਾ ਦਿਨਾਂ ਵਿਚ ਪ੍ਰੈਸ ਵਾਲੇ ਕੁਝ ਲੋਕ ਸੰਤ ਜੀ ਕੋਲ ਆਏ ਅਤੇ ਕਹਿਣ ਲੱਗੇ – ਸੰਤ ਜੀ ! ਇਸ ਲੜਾਈ ਵਿਚ ਤੁਹਾਡੇ ਕਿੰਨੇ ਅਤੇ ਉਹਨਾਂ ਦੇ ਕਿੰਨੇ ਲੋਕ ਮਾਰੇ ਗਏ?

ਸੰਤ ਜੀ ਨੇ ਉੱਤਰ ਦਿੱਤਾ – ਇਹ ਤੁਸੀਂ ਕੀ ਕਹਿ ਰਹੇ ਹੋ? ਜਿਨ੍ਹਾਂ ਦੀ ਮੌਤ ਹੋਈ ਹੈ ਉਹ ਸਭ ਲੋਕ ਮੇਰੇ ਆਪਣੇ ਹੀ ਹਨ। ਤੁਸੀਂ ਉਹਨਾਂ ਨੂੰ ਵੱਖ-ਵੱਖ ਕਿਉਂ ਕਰ ਰਹੇ ਹੋ।

ਸਭ ਪੱਤਰਕਾਰ ਇਕ ਦੂਜੇ ਨੂੰ ਵੇਖਣ ਲੱਗੇ ਅਤੇ ਕਹਿਣ ਲੱਗੇ – ਸਾਨੂੰ ਮਾਫ ਕਰ ਦਿਉ ਸੰਤ ਜੀ, ਤੁਹਾਨੂੰ ਸਮਝਣ ਵਿਚ ਸਾਡੇ ਤੋਂ ਗਲਤੀ ਹੋ ਗਈ।

ਸੰਤ ਜੀ ਮੁਸਕੁਰਾਉਣ ਲੱਗੇ। ਪੱਤਰਕਾਰਾਂ ਨੇ ਉਹਨਾਂ ਨੂੰ ਹੋਰ ਕੁਝ ਨਹੀਂ ਪੁੱਛਿਆ। ਉਹਨਾਂ ਦਾ ਮਨ ਸ਼ਰਧਾ ਨਾਲ ਝੁਕ ਗਿਆ।

ਇਹ ਸੰਤ ਸਨ ਯੁਗਪ੍ਰਵਰਤਕ ਬਾਬਾ ਗੁਰਬਚਨ ਸਿੰਘ ਜੀ ਮਹਾਰਾਜ, ਜੋ ਹਮੇਸ਼ਾ ਪ੍ਰੇਮ, ਨਿਮਰਤਾ, ਅਤੇ ਸੱਚ ਦਾ ਪਾਠ ਹੀ ਪੜਾਉਂਦੇ ਰਹੇ।

# ਮੈਂ ਹਾਂ ਯਮਰਾਜ

ਇੱਕ ਸੀ ਲੱਕੜਹਾਰਾ। ਇੱਕ ਦਿਨ ਉਹ ਜੰਗਲ ਵਿੱਚ ਲੱਕੜਾਂ ਵੱਡ ਰਿਹਾ ਸੀ। ਗਰਮੀ ਕਾਰਨ ਉਹ ਥੱਕ ਗਿਆ ਸੀ। ਉਹ ਆਰਾਮ ਕਰਨ ਲਈ ਇੱਕ ਦਰੱਖਤ ਥੱਲੇ ਬੈਠ ਗਿਆ। ਬੈਠਦਿਆਂ ਹੀ ਉਸ ਨੂੰ ਨੀਂਦ ਆ ਗਈ। ਨੀਂਦਰ ਵਿੱਚ ਇੱਕ ਅਜੀਬ ਇਨਸਾਨ ਉਸ ਦੀ ਛਾਤੀ ਤੇ ਆ ਕੇ ਬੈਠ ਗਿਆ ਤੇ ਬੈਠਦਿਆਂ ਹੀ ਬੋਲਿਆ – ''ਮੈਂ ਹਾਂ ਯਮਰਾਜ!''


ਯਮ ਦੇ ਹੱਥ ਵਿੱਚ ਇੱਕ ਤਲਵਾਰ ਸੀ। ਉਸ ਨੇ ਉਹ ਤਲਵਾਰ ਲੱਕੜਹਾਰੇ ਦੀ ਗਰਦਨ ਤੇ ਰੱਖੀ ਹੋਈ ਸੀ। ਲੱਕੜਹਾਰੇ ਨੇ ਕਿਹਾ – ''ਭਾਈ ਕੌਣ ਹੈਂ ਤੂੰ? ਇਹ ਆਪਣੀ ਤਲਵਾਰ ਪਾਸੇ ਕਰ, ਮੈਨੂੰ ਲੱਗ ਜਾਵੇਗੀ।'' ਯਮ ਬੋਲਿਆ – ''ਮੈਂ ਯਮਰਾਜ ਹਾਂ, ਤੈਨੂੰ ਮਾਰਨ ਲਈ ਹੀ ਆਇਆ ਹਾਂ ਕਿਉਂਕਿ ਤੇਰਾ ਸਮਾਂ ਖ਼ਤਮ ਹੋ ਗਿਆ ਹੈ। ਮੈਂ ਤੈਨੂੰ ਆਪਣੇ ਨਾਲ ਲੈ ਜਾਵਾਂਗਾ।''

ਲੱਕੜਹਾਰਾ ਬੋਲਿਆ – ''ਤੂੰ ਮਾਰ ਕੇ ਕੀ ਕਰਦਾ ਹੈਂ?'' ਯਮਰਾਜ ਬੋਲਿਆ – ''ਮੇਰਾ ਕੰਮ ਹੈ ਮਾਰਨਾ ਅਤੇ ਮੈਂ ਲੋਕਾਂ ਦੇ ਚੰਗੇ-ਬੁਰੇ ਕੰਮਾਂ ਦਾ ਹਿਸਾਬ ਕਰਦਾ ਹਾਂ।''

ਲੱਕੜਹਾਰੇ ਨੇ ਕਿਹਾ – ''ਜੇ ਕੋਈ ਮਰਨਾ ਨਾ ਚਾਹੇ ਤਾਂ?''

ਯਮਰਾਜ ਬੋਲਿਆ – ''ਮਰਨਾ ਆਦਮੀ ਦੇ ਵੱਸ ਨਹੀਂ ਹੈ। ਸਮਾਂ ਪੂਰਾ ਹੋਣ ਤੇ ਉਸ ਨੂੰ ਮਰਨਾ ਹੀ ਪੈਂਦਾ ਹੈ। ਬਸ ਹੁਣ ਬਹੁਤੀਆਂ ਗੱਲਾਂ ਨਾ ਕਰ, ਮਰਨ ਲਈ ਤਿਆਰ ਹੋ ਜਾ।''

ਪਹਿਲਾਂ ਤਾਂ ਲੱਕੜਹਾਰਾ ਤਿਆਰ ਹੋ ਗਿਆ, ਆਖਣ ਲੱਗਾ ਕਿ ਛੱਡਾਂ ਇਸ ਰੋਜ਼ ਦੇ ਸਿਆਪੇ ਨੂੰ। ਫੇਰ ਸੋਚਣ ਲੱਗਾ ਕਿ ਜੇ ਮੈਂ ਮਰ ਗਿਆ ਤਾਂ ਮੇਰੀ ਬੁੱਢੀ ਮਾਂ ਭੁੱਖੀ ਮਰ ਜਾਵੇਗੀ। ਉਹ ਘਬਰਾ ਗਿਆ ਤੇ ਅੱਖਾਂ ਵਿੱਚ ਅੱਥਰੂ ਆ ਗਏ। ਯਮਰਾਜ ਨੂੰ ਉਹ ਬੋਲਿਆ – ''ਇਸ ਵਾਰ ਛੱਡ ਦੇ ਯਾਰ ਯਮਰਾਜ।''



ਯਮ ਹੱਸ ਪਿਆ ਤੇ ਕਿਹਾ – ''ਕਿਉਂ? ਕੀ ਹੋਇਆ?''

ਲੱਕੜਹਾਰੇ ਨੇ ਕਿਹਾ – ''ਮੇਰੀ ਮਾਂ ਬੁੱਢੀ ਹੈ। ਮੈਂ ਉਸ ਅੰਨੀ ਬੁੱਢੀ ਮਾਂ ਦੀ ਲਾਠੀ ਹਾਂ, ਬੁਢਾਪੇ ਦਾ ਸਹਾਰਾ ਹਾਂ।''

ਯਮਰਾਜ ਨੂੰ ਤਰਸ ਆ ਗਿਆ ਤੇ ਲੱਕੜਹਾਰੇ ਨੂੰ ਕਿਹਾ – ''ਫਿਰ ਮੈਂ ਕਿਸ ਦਿਨ ਆਵਾਂ?''

ਲੱਕੜਹਾਰਾ ਸੋਚਣ ਲੱਗਾ ਕਿ ਹੁਣ ਮੈਂ ਇਸ ਨੂੰ ਕਿਹੜਾ ਦਿਨ ਆਖਾਂ। ਮਾਂ ਆਖਦੀ ਸੀ ਕਿ ਹੁਣ ਤੇਰਾ ਵਿਆਹ ਹੋ ਜਾਵੇਗਾ, ਘਰ ਵਹੁਟੀ ਆ ਜਾਵੇਗੀ, ਫੇਰ ਮੈਂ ਨਿਸਚਿੰਤ ਹੋ ਜਾਵਾਂਗੀ। ਉਹ ਮਾਂ ਦੀ ਸੇਵਾ ਕਰੇਗੀ ਅਤੇ ਫਿਰ ਮੈਂ ਯਮਰਾਜ ਦੇ ਨਾਲ ਚੱਲ ਸਕਾਂਗਾ। ਉਸ ਨੇ ਇਹ ਗੱਲ ਯਮ ਨੂੰ ਕਹਿ ਦਿੱਤੀ।

ਯਮ ਨੇ ਕਿਹਾ – ''ਚੰਗਾ, ਏਸੇ ਤਰ੍ਹਾਂ ਹੀ ਸਹੀ। ਮੈਂ ਫਿਰ ਆਵਾਂਗਾ।''

ਕਈ ਸਾਲ ਬੀਤ ਗਏ। ਲੱਕੜਹਾਰੇ ਦਾ ਵਿਆਹ ਹੋ ਗਿਆ। ਉਸ ਕੋਲ ਕਾਫ਼ੀ ਪੈਸਾ ਹੋ ਗਿਆ। ਉਸ ਦੀ ਮਾਂ ਵੀ ਮਰ ਗਈ ਅਤੇ ਉਹ ਯਮ ਨੂੰ ਭੁੱਲ ਗਿਆ।

ਇੱਕ ਦਿਨ ਲੱਕੜਹਾਰਾ ਆਪਣੇ ਖੇਤ ਵਿੱਚ ਹਲ ਵਾਹ ਰਿਹਾ ਸੀ। ਯਮਰਾਜ ਫਿਰ ਹਾਜ਼ਿਰ ਹੋਇਆ ਤੇ ਬੋਲਿਆ – ''ਮੈਂ ਹਾਂ ਯਮਰਾਜ!''

ਲੱਕੜਹਾਰੇ ਨੂੰ ਉਸ ਦੀ ਯਾਦ ਆ ਗਈ। ਯਮਰਾਜ ਨੇ ਫਿਰ ਆਪਣੀ ਤਲਵਾਰ ਉਸ ਦੀ ਗਰਦਨ ਤੇ ਰੱਖ ਦਿੱਤੀ ਤੇ ਬੋਲਿਆ – ''ਹੁਣ ਤੂੰ ਮਰਨ ਲਈ ਤਿਆਰ ਹੋ ਜਾ।''

ਲੱਕੜਹਾਰਾ ਫਿਰ ਯਮ ਦੀਆਂ ਮਿੰਨਤਾਂ ਕਰਨ ਲੱਗਾ – ''ਯਾਰ ਯਮਰਾਜ, ਇਸ ਵਾਰ ਫਿਰ ਛੱਡ ਦੇ। ਘਰ ਮੇਰੀ ਪਤਨੀ ਇਕੱਲੀ ਹੈ। ਮੇਰੇ ਕੋਲ ਕੋਈ ਔਲਾਦ ਨਹੀਂ ਹੈ। ਜਦੋਂ ਔਲਾਦ ਹੋ ਜਾਵੇਗੀ ਤਾਂ ਮੇਰੀ ਪਤਨੀ ਦਾ ਮਨ ਲੱਗ ਜਾਵੇਗਾ। ਫਿਰ ਮੈਂ ਤੇਰੇ ਨਾਲ ਚੱਲਾਂਗਾ। ਯਮ ਨੇ ਉਸ ਨੂੰ ਫਿਰ ਛੱਡ ਦਿੱਤਾ ਤੇ ਕਿਹਾ ਕਿ ਹੁਣ ਗੱਲ ਚੇਤੇ ਰੱਖੀਂ।

ਲੱਕੜਹਾਰੇ ਨੇ ਯਮ ਦਾ ਧੰਨਵਾਦ ਕੀਤਾ ਤੇ ਘਰ ਪਹੁੰਚਿਆ। ਉਸ ਨੂੰ ਕੋਈ ਚੀਜ਼ ਚੰਗੀ ਨਹੀਂ ਲੱਗ ਰਹੀ ਸੀ। ਪਤਨੀ ਨੇ ਉਸ ਨੂੰ ਪੁੱਛਿਆ ਕਿ ਕੀ ਗੱਲ ਹੈ? ਉਸ ਨੇ ਸਾਰੀ ਗੱਲ ਆਪਣੀ ਪਤਨੀ ਨੂੰ ਦੱਸ ਦਿੱਤੀ। ਪਤਨੀ ਬੋਲੀ – ''ਬਸ ਇੰਨੀ ਕੁ ਗੱਲ ਹੈ? ਆਉਣ ਦੇ ਯਮਰਾਜ ਨੂੰ





ਇਸ ਵਾਰ। ਮੈਂ ਉਸ ਨੂੰ ਮਾਰ-ਮਾਰ ਕੇ ਸਿੱਧਾ ਕਰ ਦੇਵਾਂਗੀ।''

ਲੱਕੜਹਾਰੇ ਨੂੰ ਕੋਈ ਸ਼ੱਕ ਨਹੀਂ ਸੀ ਕਿ ਉਹ ਹੁਣ ਨਹੀਂ ਬਚੇਗਾ। ਲੱਕੜਹਾਰੇ ਦੇ ਘਰ ਔਲਾਦ ਹੋ ਗਈ - ਦੋ ਲੜਕੇ ਅਤੇ ਇੱਕ ਲੜਕੀ। ਬੱਚੇ ਅਜੇ ਬਾਲ ਅਵਸਥਾ ਵਿੱਚ ਹੀ ਸਨ ਕਿ ਯਮ ਫਿਰ ਪ੍ਰਗਟ ਹੋਇਆ ਅਤੇ ਬੋਲਿਆ - ''ਮੈਂ ਹਾਂ ਯਮਰਾਜ!''

ਲੱਕੜਹਾਰਾ ਪਾਣੀ ਪੀ ਰਿਹਾ ਸੀ। ਉਸ ਦੇ ਹੱਥੋਂ ਗਿਲਾਸ ਡਿੱਗ ਪਿਆ ਅਤੇ ਉਹ ਭੱਜ ਕੇ ਅੰਦਰ ਗਿਆ। ਪਤਨੀ ਨੂੰ ਕਹਿਣ ਲੱਗਾ ਕਿ ਉਹੀ ਯਮ ਆਇਆ ਹੈ। ਪਤਨੀ ਭੱਜ ਕੇ ਗਈ ਤੇ ਕਿਹਾ ਕਿ ਮੈਂ ਵੇਖਦੀ ਹਾਂ ਉਸ ਯਮ ਨੂੰ। ਜਦੋਂ ਉਸ ਦੀ ਪਤਨੀ ਨੇ ਯਮ ਨੂੰ ਦੇਖਿਆ ਤਾਂ ਘਬਰਾ ਗਈ ਤੇ ਜ਼ਮੀਨ ਤੇ ਡਿੱਗ ਪਈ।

ਯਮ ਨੇ ਕਿਹਾ - ''ਓ ਲੱਕੜਹਾਰੇ, ਹੁਣ ਕੀ ਵਿਚਾਰ ਹੈ ਤੇਰਾ?''

ਲੱਕੜਹਾਰਾ ਇਸ ਵਾਰ ਫਿਰ ਉਸ ਦੇ ਪੈਰਾਂ ਵਿੱਚ ਡਿੱਗ ਗਿਆ ਅਤੇ ਬੋਲਿਆ - ''ਯਮਰਾਜ ਜੀ, ਇਸ ਵਾਰ ਹੋਰ ਕਿਰਪਾ ਕਰ ਦਿਓ। ਮੇਰੇ ਬੱਚੇ ਕਾਫ਼ੀ ਛੋਟੇ ਹਨ। ਜਦੋਂ ਵੱਡੇ ਹੋ ਜਾਣਗੇ ਤਾਂ ਫਿਰ ਮੈਂ ਚੱਲਾਂਗਾ।''

ਯਮ ਫਿਰ ਹੱਸ ਪਿਆ ਅਤੇ ਬੋਲਿਆ - ''ਚੱਲ ਯਾਰ, ਇੱਕ ਮੌਕਾ ਤੈਨੂੰ ਹੋਰ ਦਿੱਤਾ। ਜਾ ਮੌਜ ਕਰ।'' ਇਸ ਤਰ੍ਹਾਂ ਯਮ ਨੇ ਉਸ ਨੂੰ ਤੀਸਰੀ ਵਾਰ ਮੌਕਾ ਦੇ ਦਿੱਤਾ।

ਲੱਕੜਹਾਰੇ ਦੇ ਬੱਚੇ ਜਵਾਨ ਹੋ ਗਏ। ਉਹ ਬੁੱਢਾ ਹੋ ਗਿਆ ਸੀ। ਉਸ ਦੇ ਦੰਦ ਵੀ ਨਿਕਲ ਗਏ ਸਨ ਤੇ ਉਸ ਨੂੰ ਖੰਘ ਵੀ ਲੱਗ ਗਈ। ਇੱਕ ਦਿਨ ਉਹ ਖੰਘ ਰਿਹਾ ਸੀ ਤਾਂ ਉਸ ਦੀ ਪਤਨੀ ਨੇ ਕਿਹਾ - ''ਮਰਦਾ ਵੀ ਨਹੀਂ, ਇੱਥੇ ਸਿਰ ਖਾਧਾ ਹੈ ਇਸ ਨੇ ਸਾਡਾ।'' ਉਸ ਦਾ ਇੱਕ ਪੁੱਤਰ ਵੀ ਕਹਿਣ ਲੱਗਾ - ''ਕੰਮ-ਧੰਦਾ ਕੋਈ ਕਰਦਾ ਨਹੀਂ। ਬਸ ਰੋਟੀਆ ਖਾਣ ਤੇ ਹੀ ਹੈ।'' ਉਹ ਸੋਚਣ ਲੱਗਾ ਕਿ ਯਮਰਾਜ ਤੋਂ

ਜਿਸ ਪਤਨੀ ਅਤੇ ਬੱਚਿਆਂ ਲਈ ਆਪਣੀ ਜ਼ਿੰਦਗੀ ਮੰਗੀ ਸੀ, ਉਹ ਵੀ ਮੈਨੂੰ ਡਾਂਟ ਰਹੇ ਹਨ। ਲੱਕੜਹਾਰਾ ਬਹੁਤ ਪਛਤਾਅ ਰਿਹਾ ਸੀ।

ਇੱਕ ਦਿਨ ਬੁੱਢਾ ਲੱਕੜਹਾਰਾ ਆਪਣੇ ਮੰਜੇ ਤੇ ਬੈਠਾ ਆਰਾਮ ਕਰ ਰਿਹਾ ਸੀ। ਯਮ ਪ੍ਰਗਟ ਹੋਇਆ ਤੇ ਬੋਲਿਆ –''ਮੈਂ ਹਾਂ ਯਮਰਾਜ!'' ਅਤੇ ਇਸ ਦੇ ਨਾਲ ਹੀ ਉਹ ਬੋਲਿਆ – ''ਚੱਲ ਵੀ ਲੱਕੜਹਾਰੇ। ਹੁਣ ਤੇਰਾ ਸਮਾਂ ਖ਼ਤਮ ਹੋ ਗਿਆ ਹੈ।'' ਲੱਕੜਹਾਰਾ ਸੋਚਣ ਲੱਗਾ ਕਿ ਮੈਂ ਤਾਂ ਕੋਈ ਧਰਮ-ਕਰਮ ਨਹੀਂ ਕੀਤਾ ਅਤੇ ਨਾ ਹੀ ਮੈਂ ਰੱਬ ਦਾ ਨਾਮ ਲਿਆ। ਉਸ ਨੇ ਫਿਰ ਯਮ ਨੂੰ ਕਿਹਾ – ''ਮੇਰੀ ਸਾਰੀ ਉਮਰ ਐਂਵੇ ਹੀ ਬੀਤ ਗਈ। ਮੈਨੂੰ ਇੱਕ ਮੌਕਾ ਹੋਰ ਦੇ ਦਿਓ ਤਾਂ ਜੋ ਮੈਂ ਰੱਬ ਦਾ ਨਾਮ ਲੈ ਸਕਾਂ।''

ਯਮ ਬਹੁਤ ਗੁੱਸੇ ਵਿੱਚ ਬੋਲਿਆ – ''ਹੇ ਮੂਰਖ ਲੱਕੜਹਾਰੇ, ਜਿਸ ਕੰਮ ਲਈ ਤੈਨੂੰ ਪਰਮਾਤਮਾ ਨੇ ਭੇਜਿਆ ਸੀ, ਤੂੰ ਉਹ ਕੰਮ ਤਾਂ ਕੀਤਾ ਨਹੀਂ ਹੈ। ਬਸ ਤੂੰ ਦੁਨੀਆਦਾਰੀ ਵਿੱਚ ਹੀ ਫਸਿਆ ਰਿਹਾ। ਮੈਂ ਤੈਨੂੰ ਤਿੰਨ ਮੌਕੇ ਦਿੱਤੇ ਪਰ ਤੂੰ ਉਹਨਾਂ ਦਾ ਲਾਹਾ ਨਹੀਂ ਲੈ ਸਕਿਆ। ਹੁਣ ਤਾਂ ਤੈਥੋਂ ਤੁਰਿਆ ਵੀ ਨਹੀਂ ਜਾਂਦਾ। ਬਸ ਹੁਣ ਤੈਨੂੰ ਮੇਰੇ ਨਾਲ ਜਾਣਾ ਹੀ ਪਵੇਗਾ।'' ਇਹ ਕਹਿ ਕੇ ਯਮ ਨੇ ਉਸ ਦੇ ਸਾਹ ਰੋਕ ਦਿੱਤੇ। ਲੱਕੜਹਾਰੇ ਦਾ ਸਰੀਰ ਹੀ ਰਹਿ ਗਿਆ ਸੀ।

ਪਿਆਰੇ ਬੱਚਿਉ, ਪਰਮਾਤਮਾ ਨੇ ਸਾਨੂੰ ਜਿਸ ਕੰਮ ਲਈ ਭੇਜਿਆ ਹੈ, ਉਹ ਕੰਮ ਇਨਸਾਨ ਕਰਦਾ ਨਹੀਂ ਹੈ। ਦੁਨਿਆਦਾਰੀ ਵਿੱਚ ਫਸ ਜਾਂਦਾ ਹੈ। ਆਓ ਸਾਰੇ, ਪਰਮਾਤਮਾ ਨੇ ਸਾਨੂੰ ਮੌਕਾ ਦਿੱਤਾ। ਹੀਰੇ ਵਰਗਾ ਜਨਮ ਦਿੱਤਾ ਹੈ। ਇਸ ਜਨਮ ਦਾ ਲਾਹਾ ਲੈ ਸਕੀਏ। ਸਾਹ ਰੁੱਕ ਗਏ ਤਾਂ ਸਰੀਰ ਸਿਰਫ਼ ਮਿੱਟੀ ਹੀ ਰਹਿ ਜਾਂਦਾ ਹੈ।

ਬਾਲ ਕਹਾਣੀ – ਲੇਖਕ: ਏ. ਪੀ. ਸਿੰਘ

# ਵਿਦਿਆ ਅਤੇ ਸੁੰਦਰਤਾ

ਇਕ ਵਾਰ ਸਮਰਾਟ ਚੰਦਰਗੁਪਤ, ਚਾਣਕਿਆ ਨਾਲ ਕਿਸੀ ਗੱਲ ਤੇ ਚਰਚਾ ਕਰ ਰਹੇ ਸਨ ਕਿ ਅਚਾਨਕ ਸਮਰਾਟ ਨੇ ਚਾਣਕਿਆ ਨੂੰ ਕਿਹਾ – ਆਪਦੀ ਵਿਦਵਤਾ, ਸੁਝਬੂਝ ਦੀ ਮੈਂ ਸ਼ਾਬਾਸ਼ੀ ਦੇਂਦਾ ਹਾਂ, ਕਿੰਨਾ ਚੰਗਾ ਹੁੰਦਾ ਪ੍ਰਮਾਤਮਾ ਆਪ ਨੂੰ ਵਿਦਵਤਾ ਦੇ ਨਾਲ-ਨਾਲ ਸੁੰਦਰਤਾ ਵੀ ਪ੍ਰਦਾਨ ਕਰਦਾ !

ਚਾਣਕਿਆ ਨੇ ਸਮਝ ਲਿਆ ਕਿ ਰਾਜਾ ਨੂੰ ਆਪਣੀ ਸੁੰਦਰਤਾ ਦਾ ਘਮੰਡ ਹੋ ਗਿਆ ਹੈ ਅਤੇ ਉਹ ਰੂਪ ਦੇ ਸਾਹਮਣੇ ਵਿਦਿਆ ਨੂੰ ਬਹੁਤ ਹੀ ਮਾਮੂਲੀ ਸਮਝ ਰਿਹਾ ਹੈ। ਚਾਣਕਿਆ ਨੇ ਸੇਵਕ ਨੂੰ ਬੁਲਾ ਕੇ ਮਿੱਟੀ ਅਤੇ ਸੋਨੇ ਦੇ ਦੋ ਬਰਤਨਾਂ ਵਿੱਚ ਪਾਣੀ ਲੈ ਆਉਣ ਲਈ ਕਿਹਾ। ਪਾਣੀ ਆ ਗਿਆ ਤਾਂ ਚਾਣਕਿਆ ਨੇ ਰਾਜਾ ਨੂੰ ਪਹਿਲੇ ਮਿੱਟੀ ਦੇ ਬਰਤਨ ਦਾ ਅਤੇ ਬਾਅਦ ਵਿੱਚ ਸੋਨੇ ਦੇ ਬਰਤਨ ਦਾ ਪਾਣੀ ਪੀਣ ਲਈ ਕਿਹਾ।

ਰਾਜਾ ਨੇ ਆਦੇਸ਼ ਦਾ ਪਾਲਣ ਕੀਤਾ ਤਾਂ ਚਾਣਕਿਆ ਨੇ ਪੁੱਛਿਆ – ਰਾਜਨ ! ਕਿਸ ਬਰਤਨ ਦਾ ਪਾਣੀ ਸ਼ੀਤਲ ਲੱਗਾ। ਚੰਦਰਗੁਪਤ ਨੇ ਉੱਤਰ ਦਿੱਤਾ– ਮਿੱਟੀ ਦੇ ਬਰਤਨ ਦਾ।

ਇਸ ਤੇ ਚਾਣਕਿਆ ਨੇ ਕਿਹਾ – ਮਹਾਰਾਜ! ਵੈਸੇ ਤਾਂ ਦੋਹਾਂ ਵਿੱਚ ਹੀ ਪਾਇਆ ਗਿਆ ਪਾਣੀ ਸ਼ੀਤਲ ਸੀ ਪਰੰਤੂ ਬਾਹਰ ਤੋਂ ਸੁੰਦਰ ਦਿਖਾਈ ਦੇਣ ਵਾਲੇ ਸੋਨੇ ਦੇ ਬਰਤਨ ਦਾ ਜਲ ਸ਼ੀਤਲ ਨਹੀਂ ਰਿਹਾ ਜਦੋਂ ਕਿ ਮਿੱਟੀ ਦੇ ਬਰਤਨ ਦਾ ਜਲ ਸ਼ੀਤਲ ਰਿਹਾ। ਇਹੀ ਗੱਲ ਸੁੰਦਰਤਾ ਅਤੇ ਵਿਦਿਆ ਦੀ ਹੈ। ਸੁੰਦਰਤਾ ਅਤੇ ਕੁਰੂਪਤਾ ਦਾ ਵਿਦਿਆ ਨਾਲ ਕੋਈ ਸੰਬੰਧ ਨਹੀਂ ਬਲਕਿ ਵਿਦਿਆ ਸੁੰਦਰਤਾ ਤੋਂ ਸ਼੍ਰੇਸ਼ਠ ਹੈ। ਪ੍ਰਮਾਤਮਾ ਨੇ ਮੈਨੂੰ ਵਿਦਿਆ ਦਿੱਤੀ ਹੈ ਸੁੰਦਰਤਾ ਨਹੀਂ।

■ *ਊਸ਼ਾ ਸਭਰਵਾਲ*

# ਰੰਗ ਭਰੋ





ਨਾਂ .................................................... ਉਮਰ ......

ਪੂਰਾ ਪਤਾ ..........................................................

........................................................................

# ਜਨਵਰੀ 2023 ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ:**

ਪ੍ਰਵੀਨ ਕੌਰ (ਉਮਰ 9 ਸਾਲ)
ਵੀ.ਪੀ.ਓ. ਨਾਨਕ ਨਗਰੀ
ਜ਼ਿਲਾ - ਜਲੰਧਰ (ਪੰਜਾਬ)

**ਦੂਸਰਾ ਨੰ:**

ਗੁਰਮੁਖ ਨੂਰ (ਉਮਰ 10 ਸਾਲ)
ਵੀ.ਪੀ.ਓ. ਗੁਮਟਾਲਾ
ਜ਼ਿਲਾ - ਅੰਮ੍ਰਿਤਸਰ (ਪੰਜਾਬ)

**ਤੀਸਰਾ ਨੰ:**

ਰਸ਼ਮੀਤ ਕੌਰ (ਉਮਰ 3 ਸਾਲ)
ਵੀ.ਪੀ.ਓ. ਖੁਸ਼ਹਾਲਪੁਰ
ਜ਼ਿਲਾ - ਗੁਰਦਾਸਪੁਰ





## ਪਸੰਦ ਕੀਤੇ ਗਏ -

ਵੰਦਿਤਾ (ਨਿਰੰਕਾਰੀ ਕਲੋਨੀ),
ਹਰਸ਼ਪ੍ਰੀਤ ਕੌਰ (ਕੁਰਾਲੀ),
ਪ੍ਰਭਜੀਤ ਕੌਰ (ਭੈਰੋ ਮਾਜਰਾ),
ਜਸਪ੍ਰੀਤ ਕੌਰ (ਬੋਹਾ),
ਪ੍ਰੇਰਨਾ (ਬੇਦੀ ਨਗਰ),
ਸਮੀਪਤਾ ਖੁਰਾਨਾ (ਜਲੰਧਰ),
ਨਿਹਾਰਿਕਾ (ਲੁਧਿਆਣਾ),
ਨਵਪ੍ਰੀਤ ਕੌਰ (ਕਪੂਰਥਲਾ),
ਸੁਹਾਨੀ ਗੁਪਤਾ (ਹੁਸ਼ਿਆਰਪੁਰ),
ਵਿਦਿਤ ਬਜਾਜ (ਖੁਸ਼ਹਾਲ ਪੁਰ),
ਸ਼ੁਭਪ੍ਰੀਤ (ਅੰਮ੍ਰਿਤਸਰ),
ਸ਼ੁਭਮ (ਹੁਸ਼ਿਆਰਪੁਰ),
ਪ੍ਰਦੀਪ (ਨਵਾਂ ਸ਼ਹਿਰ),
ਸਹਿਜ ਬਾਂਸਲ (ਪਾਤੜਾਂ),
ਸਿਦਕ ਭਾਟੀਆ (ਦੋਰਾਹਾ),
ਭਾਵੇਸ਼ ਬਾਂਸਲ (ਰਾਏਕੋਟ),
ਗੁਰਵਿੰਦਰ (ਜ਼ੀਰਾ),
ਸੁਖਪ੍ਰੀਤ ਸਿੰਘ (ਮਾਨਸਾ),
ਅਰਸ਼ਦੀਪ ਸਿੰਘ (ਰੂਪੋਵਾਲ)

# ਅਪ੍ਰੈਲ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਮਈ 2023 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਓ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਜੂਨ 2023 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ। 15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।



# ਸੁੰਦਰਵਨ ਵਿੱਚ ਸੁੰਦਰ ਮੇਲਾ

ਸੁੰਦਰਵਨ ਵਿੱਚ ਮੇਲਾ ਮਨਾਇਆ ਜਾ ਰਿਹਾ ਸੀ। ਚਾਰੇ ਪਾਸੇ ਖੁਸ਼ੀ ਦਾ ਮਾਹੌਲ ਸੀ। ਕੜਾਕੇ ਦੀ ਠੰਡ ਪੈਣਾ ਬੰਦ ਹੋ ਚੁੱਕੀ ਸੀ। ਸੁੰਦਰਵਨ ਦੇ ਵਿੱਚ ਵਹਿਣ ਵਾਲੀ ਨਦੀ ਦਾ ਪਾਣੀ ਬਿਲਕੁਲ ਸਾਫ ਸੀ, ਜੋ ਕਲ-ਕਲ ਕਰਦੇ ਹੋਏ ਹੌਲੀ-ਹੌਲੀ ਅਗੇ ਵਧ ਰਿਹਾ ਸੀ। ਨਦੀ ਵਿੱਚ ਛੋਟੀਆਂ ਮੱਛੀਆਂ ਦਾ ਝੁੰਡ ਸੈਰ ਕਰ ਰਿਹਾ ਸੀ। ਦੂਸਰੇ ਪਾਸੇ ਵੱਡੀਆਂ ਮੱਛੀਆਂ ਤੇਜ ਗਤੀ ਨਾਲ ਇੱਧਰ-ਉਧਰ ਆ ਜਾ ਰਹੀਆਂ ਸਨ। ਜੰਗਲ ਵਿੱਚ ਚਾਰੇ ਪਾਸੇ ਲਾਲ, ਹਰੇ, ਪੀਲੇ, ਨੀਲੇ ਫੁੱਲ ਖਿੜ ਰਹੇ ਸਨ। ਫੁੱਲਾਂ ਦੇ ਆਸਪਾਸ ਤਿਤਲੀਆਂ ਘੁੰਮ ਰਹੀਆਂ ਸਨ। ਕਿਤੇ ਭੌਰੇ ਫੁੱਲਾਂ ਤੇ ਮੰਡਰਾ ਰਹੇ ਸਨ ਤਾਂ ਕਿਤੇ ਮਧੂਮੱਖੀਆਂ। ਫੁੱਲਾਂ ਦਾ ਰਸ ਲੈ ਕੇ ਆਪਣੇ ਸ਼ਹਿਦ ਦੇ ਛੱਤਿਆਂ ਤਕ ਆ ਜਾ ਰਹੀਆਂ ਸਨ।

ਬਾਂਦਰਾਂ ਦਾ ਝੁੰਡ ਰੁੱਖਾਂ ਤੇ ਚੜ ਕੇ ਉਛਲ-ਕੁੱਦ ਮਚਾ ਰਿਹਾ ਸੀ। ਕਾਲੂ ਬਾਂਦਰ ਸਰੀਰ ਵਿੱਚ ਸਭ ਤੋਂ ਵੱਡਾ ਨਜ਼ਰ ਆ ਰਿਹਾ ਸੀ। ਅਤੇ ਬਾਕੀ ਬਾਂਦਰਾਂ ਤੇ ਆਪਣਾ ਅਧਿਕਾਰ ਜਮਾਈ ਹੋਏ ਸੀ। ਸੁੰਦਰਵਨ ਦੇ ਦੂਸਰੇ ਪਾਸੇ ਮੋਰ ਨੱਚ ਰਹੇ ਸੀ। ਉਹਨਾਂ ਦੇ ਕੋਲ ਹੀ ਹਿਰਨ ਘਾਹ ਚਰ ਰਹੇ ਸਨ। ਖਰਗੋਸ਼ਾਂ ਦਾ ਸਮੂਹ ਆਪਣੀਆਂ ਖੁੱਡਾਂ ਦੇ ਲਾਗੇ-ਲਾਗੇ ਘੁੰਮ ਰਿਹਾ ਸੀ।

ਜੰਗਲ ਦੇ ਰਾਜਾ ਸ਼ੇਰ ਸਿੰਘ ਨੇ ਮੇਲਾ ਮਨਾਉਣ ਲਈ ਸਾਰਿਆਂ ਨੂੰ ਘਣੇ ਜੰਗਲਾਂ ਦੇ ਸਾਹਮਣੇ ਵਾਲੇ ਵਿਸ਼ਾਲ ਮੈਦਾਨ ਵਿੱਚ ਬੁਲਾਇਆ ਸੀ। ਮੈਦਾਨ ਵਿੱਚ ਸਾਰੇ ਜਾਨਵਰਾਂ ਅਤੇ ਪੰਛੀਆਂ ਦੇ ਬੈਠਣ ਲਈ ਵੱਖ-ਵੱਖ ਸਥਾਨ ਨਿਰਧਾਰਿਤ ਕੀਤੇ ਗਏ ਸਨ। ਸਾਰੀ ਵਿਵਸਥਾ ਵਿਕਰਮ ਭਾਲੂ ਦੀ ਦੇਖ-ਰੇਖ ਵਿੱਚ ਕੀਤੀ ਜਾ ਰਹੀ ਸੀ। ਹਾਥੀਆਂ ਨੂੰ ਮੈਦਾਨ ਦੇ ਵੱਡੇ-ਵੱਡੇ ਰੁੱਖਾਂ ਦੀਆਂ ਲਟਕਦੀਆਂ ਹੋਈਆਂ ਟਹਿਣੀਆਂ ਨੂੰ ਸਾਫ਼ ਕਰਕੇ ਮੇਲਾ ਮਨਾਉਣ ਵਾਲੇ ਸਥਾਨ ਨੂੰ ਸੁੰਦਰ ਬਣਾਉਣ ਲਈ ਕਿਹਾ ਸੀ। ਜਿਰਾਫ ਅਤੇ ਊਠ ਨੇ ਕੰਡੇਦਾਰ ਝਾੜੀਆਂ ਨੂੰ ਸਾਫ ਕਰਨਾ ਸੀ। ਕਾਂ ਅਤੇ ਤੋਤੇ ਨੇ ਸਾਰਿਆਂ ਨੂੰ ਮੇਲੇ ਦੀ ਸੂਚਨਾ ਦੇਣੀ ਸੀ। ਬਾਂਦਰਾਂ ਨੇ ਜੰਗਲ ਤੋਂ ਫੁੱਲ ਤੋੜ ਕੇ ਲਿਆਉਣੇ ਸਨ ਅਤੇ ਗਲਹਿਰੀਆਂ ਨੇ ਫੁੱਲਾਂ ਦੇ ਹਾਰ ਬਣਾਉਣੇ



ਦਾ। ਇਹਨਾਂ ਦੇ ਸੁੰਦਰ ਡਾਂਸ ਨੂੰ ਸਾਰਿਆਂ ਨੇ ਪਸੰਦ ਕੀਤਾ ਸੀ। ਇਸ ਸੁੰਦਰ ਡਾਂਸ ਨੂੰ ਵੇਖ ਕੇ ਢੇਂਚੂ ਗਧੇ ਅਤੇ ਉਸ ਦੇ ਸਾਥੀਆਂ ਵਿੱਚ ਵੀ ਨੱਚਣ ਦਾ ਜੋਸ਼ ਭਰ ਗਿਆ ਅਤੇ ਉਹ ਬਿਨਾ ਬੁਲਾਏ ਹੀ ਡਾਂਸ ਦੇ ਮੈਦਾਨ ਵਿੱਚ ਕੁੱਦ ਪਏ। ਢੇਂਚੂ ਗਧੇ ਦਾ ਡਾਂਸ ਕਿਸੇ ਨੂੰ ਵੀ ਬਿਲਕੁਲ ਚੰਗਾ ਨਹੀਂ ਲੱਗਾ ਅਤੇ ਉਸ ਦੀ ਖੂਬ ਹੂਟਿੰਗ ਹੋਈ ਸੀ। ਸਾਰਿਆਂ ਨੇ ਕਿਹਾ ਐਨਾ ਖਰਾਬ ਡਾਂਸ ਤਾਂ ਅਸੀਂ ਕਦੇ ਵੇਖਿਆ ਹੀ ਨਹੀਂ ਸੀ ਇਸ ਨੂੰ ਤੁਰੰਤ ਬੰਦ ਕੀਤਾ ਜਾਵੇ।

ਸਨ। ਸਾਰੇ ਆਪਣੀਆਂ-ਆਪਣੀਆਂ ਜ਼ਿੰਮੇਵਾਰੀਆਂ ਨੂੰ ਲਗਨ ਨਾਲ ਪੂਰਾ ਕਰਨ ਵਿੱਚ ਜੁੱਟੇ ਹੋਏ ਸਨ ਤਾਂਕਿ ਮੇਲੇ ਦੀ ਕੋਈ ਵੀ ਵਿਵਸਥਾ ਕਮਜੋਰ ਨਾ ਰਹੇ। ਸੁੰਦਰਵਨ ਦੇ ਨਿਵਾਸੀ ਸਾਰੇ ਪਸ਼ੂ-ਪੰਛੀ ਆਪਣੇ ਮੇਲੇ ਨੂੰ ਹੋਰ ਜੰਗਲਾਂ ਦੀ ਤੁਲਨਾ ਵਿੱਚ ਸਭ ਤੋਂ ਚੰਗਾ ਬਣਾਉਣ ਲਈ ਖੂਬ ਮਿਹਨਤ ਕਰ ਰਹੇ ਸਨ।

ਸੂਰਜ ਹੁਣ ਬਿਲਕੁਲ ਸਿਰ ਤੇ ਚਮਕ ਰਿਹਾ ਸੀ। ਦੁਪਹਿਰ ਹੋਣ ਵਾਲੀ ਸੀ ਅਤੇ ਹੁਣ ਸਮਾਰੋਹ ਸ਼ੁਰੂ ਹੋਣ ਵਾਲਾ ਸੀ। ਜੰਗਲ ਦੇ ਰਾਜਾ ਸ਼ੇਰ ਸਿੰਘ ਨੇ ਆਪਣੇ ਸਿੰਘਾਸਨ ਤੇ ਬੈਠ ਕੇ ਮੇਲਾ ਸ਼ੁਰੂ ਕਰਨ ਦੀ ਘੋਸ਼ਣਾ ਕਰ ਦਿੱਤੀ ਸੀ। ਪ੍ਰੋਗਰਾਮ ਮੰਤਰੀ ਮੋਟੂ ਹਾਥੀ ਨੇ ਮੇਲੇ ਦੀ ਰੂਪਰੇਖਾ ਦੱਸੀ। ਸਭ ਤੋਂ ਪਹਿਲਾਂ ਚੰਪੂ ਮੋਰ ਅਤੇ ਉਸ ਦੀ ਟੋਲੀ ਦਾ ਨਾਚ ਸ਼ੁਰੂ ਹੋ ਚੁੱਕਾ ਸੀ। ਮੋਰਾਂ ਨੇ ਖੰਭ ਫੈਲਾ ਕੇ ਸੁੰਦਰ ਨਾਚ ਦਿਖਾਇਆ ਜਿਸ ਦਾ ਮੇਲੇ ਵਿੱਚ ਹਾਜ਼ਿਰ ਗੈਂਡਿਆਂ, ਹਾਥੀਆਂ, ਬਾਂਦਰਾਂ ਅਤੇ ਭਾਲੂਆਂ ਨੇ ਤਾੜੀ ਮਾਰ ਕੇ ਸੁਆਗਤ ਕੀਤਾ ਸੀ। ਇਸ ਦੇ ਬਾਅਦ ਸ਼ੇਰੂ ਬਾਂਦਰ ਅਤੇ ਉਸ ਦੀ ਟੋਲੀ ਦਾ ਧੂਮ-ਧੜੱਮ ਡਾਂਸ ਸ਼ੁਰੂ ਹੋਇਆ ਸੀ। ਇਸ ਦੇ ਠੀਕ ਬਾਦ ਮੌਕਾ ਮਿਲਿਆ ਨੀਲਾਂਚੰਦ ਤਾਲਾਬ ਦੇ ਬਗੁਲਾ, ਸਾਰਸ ਅਤੇ ਬਤੱਖ ਦੇ ਭੰਗੜੇ ਡਾਂਸ

ਪ੍ਰੋਗਰਾਮ ਦਾ ਸੰਚਾਲਨ ਕਰ ਰਹੇ ਮੋਟੂ ਹਾਥੀ ਨੇ ਢੇਂਚੂ ਗਧੇ ਦੇ ਬਿਨਾ ਬੁਲਾਏ ਹੀ ਆ ਧਮਕਣ ਅਤੇ ਪ੍ਰੋਗਰਾਮ ਨੂੰ ਖਰਾਬ ਕਰਨ ਤੇ ਨਾਰਾਜਗੀ ਦਿਖਾਈ ਅਤੇ ਉਸ ਨੂੰ ਰੈਡੱ ਕਾਰਡ ਦਿਖਾ ਕੇ ਮੈਦਾਨ ਤੋਂ ਬਾਹਰ ਕਰ ਦਿੱਤਾ।

ਹੁਣ ਲੰਬੂ ਊਠ ਅਤੇ ਟੇਂਢੂ ਜਿਰਾਫ ਨੇ ਆਪਣੀ ਟੋਲੀ ਦੇ ਨਾਲ ਮਿਲ ਕੇ ਇੱਕ ਸੁੰਦਰ ਝੂਮਰ ਡਾਂਸ ਪੇਸ਼ ਕੀਤਾ ਅਤੇ ਮਾਹੌਲ ਨੂੰ ਖੁਸ਼ਗਵਾਰ ਬਣਾ ਦਿੱਤਾ। ਮੋਟੂ ਹਾਥੀ ਨੇ ਇਸੇ ਦੇ ਨਾਲ ਮੇਲੇ ਦੇ ਪ੍ਰੋਗਰਾਮ ਨੂੰ ਸੰਪੰਨ ਘੋਸ਼ਿਤ ਕਰ ਦਿਤਾ। ਮੇਲੇ ਦੇ ਅੰਤ ਵਿੱਚ ਰਾਣੀ ਮਧੂਮੱਖੀ ਦੁਆਰਾ ਸਾਰਿਆਂ ਨੂੰ ਸਵਾਦੀ ਸ਼ਹਿਦ ਵੰਡਿਆ ਗਿਆ ਅਤੇ ਮੰਗਲ ਹਾਥੀ ਨੇ ਸਾਰਿਆਂ ਨੂੰ ਮਿੱਠੇ ਗੰਨੇ ਵੰਡ ਕੇ ਸਾਰਿਆਂ ਦਾ ਮੂੰਹ ਮਿੱਠਾ ਕਰਵਾਇਆ।

ਅੰਤ ਵਿੱਚ ਜੰਗਲ ਦੇ ਰਾਜਾ ਸ਼ੇਰ ਸਿੰਘ ਨੇ ਮੇਲੇ ਦੇ ਬਾਰੇ ਵਿੱਚ ਦੱਸਿਆ ਅਤੇ ਖੁਸ਼ੀ ਦੇ ਇਸ ਮੇਲੇ ਦੀ ਤਰ੍ਹਾਂ ਹੀ ਨਿਤ ਸਾਰਿਆਂ ਨੂੰ ਪਿਆਰ ਮਿਲਵਰਤਣ ਅਤੇ ਭਾਈਚਾਰੇ ਦੀ ਭਾਵਨਾ ਨਾਲ ਮਿਲਜੁਲ ਕੇ ਰਹਿਣ ਦੀ ਪ੍ਰੇਰਣਾ ਦਿੱਤੀ। ਸ਼ਾਮ ਢਲਣ ਦੇ ਨਾਲ ਹੀ ਸਾਰੇ ਹੌਲੀ-ਹੌਲੀ ਆਪਣੇ ਘਰਾਂ ਵੱਲ ਚਲ ਪਏ।

ਬਾਲ ਕਹਾਣੀ: ਪ੍ਰਿਤਪਾਲ ਸਾਦਿਕ

# ਨਵੀਆਂ ਜਮਾਤਾਂ 'ਚ

## ਨਵੀਆਂ ਮੰਜ਼ਿਲਾਂ ਕਰੋ ਤੈਅ

ਤਬਦੀਲੀ ਜ਼ਿੰਦਗੀ ਦਾ ਅਹਿਮ ਪੜਾਅ ਹੈ। ਜ਼ਿੰਦਗੀ ਦੇ ਅਨੇਕ ਪੜਾਅ ਵਿਚੋਂ ਸਕੂਲੀ ਵਿਦਿਆ ਗ੍ਰਹਿਣ ਕਰਨ ਦਾ ਪੜਾਅ ਬੜਾ ਯਾਦਗਾਰੀ ਅਤੇ ਪ੍ਰੇਰਨਾਦਾਇਕ ਹੁੰਦਾ ਹੈ। ਹੁਣ ਸਾਲਾਨਾ ਪ੍ਰੀਖਿਆਵਾਂ ਖਤਮ ਹੋ ਚੁਕੀਆਂ ਹਨ, ਜਮਾਤਾਂ ਦੇ ਨਤੀਜੇ ਆ ਚੁਕੇ ਹਨ। ਬਹੁਤ ਸਾਰੀਆਂ ਜਮਾਤਾਂ ਦੇ ਵਿਦਿਆਰਥੀ ਅਗਲੀ ਜਮਾਤ ਵਿਚ ਪ੍ਰਵੇਸ਼ ਕਰ ਚੁਕੇ ਹਨ। ਉਨ੍ਹਾਂ ਅੰਦਰ ਇਕ ਚਾਅ, ਇਕ ਉਮੰਗ ਹੈ। ਨਵੀਆਂ ਨਕੋਰ ਪੁਸਤਕਾਂ ਨੂੰ ਦੇਖ-ਦੇਖ ਖੁਸ਼ ਹੁੰਦੇ ਹਨ। ਕੁਝ ਸਿਖਿਆਵਾਂ, ਕੁਝ ਵਿਚਾਰ ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕਰ ਚੁੱਕੇ ਵਿਦਿਆਰਥੀਆਂ ਨਾਲ ਸਾਂਝੇ ਕਰਨੇ ਚਾਹਵਾਂਗੇ।

ਨਵੀਂ ਜਮਾਤ ਵਿਚ ਪ੍ਰਵੇਸ਼ ਹੋਏ ਵਿਦਿਆਰਥੀਆਂ ਨੂੰ ਪਿਛਲੇ ਵਰ੍ਹੇ ਦੀਆਂ ਆਪਣੀਆਂ ਕਮੀਆਂ ਨੂੰ ਪੂਰਾ ਕਰਨ ਉਪਰ ਜ਼ੋਰ ਦੇਣਾ ਚਾਹੀਦਾ ਹੈ। ਉਹਨਾਂ ਨੂੰ ਇਹ ਪਤਾ ਲਗ ਗਿਆ ਹੋਵੇਗਾ ਕਿ ਕਮੀ ਕਿੱਥੇ ਰਹੀ ਹੈ। ਆਪਣੇ ਤੋਂ ਅੱਗੇ ਨਿਕਲ ਚੁਕੇ ਵਿਦਿਆਰਥੀਆਂ ਦੀ ਸਫਲਤਾ ਦਾ ਰਾਜ ਉਹ ਸਮਝ ਚੁਕੇ ਹੋਣਗੇ। ਇਹ ਹੋ ਸਕਦਾ ਹੈ ਕਿ ਜਿੰਨੇ ਚੰਗੇ ਨਤੀਜਿਆਂ ਦੀ ਉਨ੍ਹਾਂ ਆਸ ਕੀਤੀ ਹੋਵੇ, ਸ਼ਾਇਦ ਉਸ ਤੋਂ ਕੁਝ ਘੱਟ ਹਾਸਿਲ ਹੋਏ ਹੋਣ। ਇਸ ਲਈ ਉਹਨਾਂ ਵਿਦਿਆਰਥੀਆਂ ਨੂੰ ਨਿਰਾਸ ਹੋਣ ਦੀ ਲੋੜ ਨਹੀਂ ਸਗੋਂ ਭਵਿਖ ਲਈ ਆਸਵੰਦ ਰਹਿਣ।

ਸਮੇਂ ਦੀ ਕਦਰ, ਸਮੇਂ ਦੀ ਕੀਮਤ ਨੂੰ ਪਛਾਣਦੇ ਹੋਏ ਇਨ੍ਹਾਂ ਵਿਦਿਆਰਥੀਆਂ ਨੂੰ ਜਮਾਤਾਂ ਸ਼ੁਰੂ ਹੋਣ ਦੇ ਪਹਿਲੇ ਦਿਨ ਤੋਂ ਹੀ ਆਪਣਾ ਹੋਮਵਰਕ ਸਮੇਂ ਸਿਰ ਨਿਪਟਾਉਣਾ ਚਾਹੀਦਾ ਹੈ। ਅਧਿਆਪਕ ਦੁਆਰਾ ਕਰਵਾਏ ਗਏ ਹਰ ਪਾਠ, ਹਰ ਸਿਲੇਬਸ ਨੂੰ ਸੌ ਫੀਸਦੀ ਧਿਆਨ ਦੇ ਕੇ ਸੁਣਨਾ ਜ਼ਰੂਰੀ ਹੈ।

ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਇਕ ਟਾਈਮ ਟੇਬਲ ਬਣਾ ਕੇ ਆਪਣੀ ਪੜ੍ਹਾਈ ਵਲ ਧਿਆਨ ਦੇਣ। ਪੁਸਤਕਾਂ ਨਾਲ ਪਿਆਰ ਪਾ ਕੇ ਅਧਿਆਪਕ ਦੁਆਰਾ ਦਿੱਤੇ ਗਏ ਗਿਆਨ ਨੂੰ ਆਪਣੀ ਸਮਝ ਮੁਤਾਬਿਕ ਪ੍ਰਵਾਨ ਕਰਨ।



ਕਿਹਾ ਜਾਂਦਾ ਹੈ ਕਿ ਅਭਿਆਸ ਕਿਸੇ ਵੀ ਕਲਾ ਜਾਂ ਗਿਆਨ ਨੂੰ ਹੋਰ ਪੱਕਾ ਕਰਦਾ ਹੈ। ਇਸ ਲਈ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਆਪਣੇ ਵਿਸ਼ਿਆਂ ਦਾ ਅਭਿਆਸ ਜ਼ਰੂਰ ਕਰਨ।

ਆਪਣਾ ਖੇਡਣ ਦਾ ਸਮਾਂ ਵੀ ਨਿਸ਼ਚਿਤ ਕਰੋ। ਅਪਣਾ ਸਕੂਲ ਦਾ ਕੰਮ ਖਤਮ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਕੁਝ ਸਮਾਂ ਖੇਡਣਾ ਵੀ ਚਾਹੀਦਾ ਹੈ। ਇਸ ਨਾਲ ਸਰੀਰ ਦੀ ਵਰਜਿਸ਼ ਹੁੰਦੀ ਹੈ। ਕੰਪਿਊਟਰ ਗੇਮਾਂ, ਵੀਡਿਉ ਗੇਮਾਂ ਜਾਂ ਟੈਕਨੋਲੋਜੀ ਦੇ ਐਨੇ ਜ਼ਿਆਦਾ ਗੁਲਾਮ ਨਾ ਬਣੋ ਕਿ ਆਪਣੇ ਜ਼ਰੂਰੀ ਕੰਮ ਭੁੱਲ ਜਾਉ। ਹੌਲੀ-ਹੌਲੀ ਉਨ੍ਹਾਂ ਆਦਤਾਂ ਦਾ ਤਿਆਗ ਕਰੋ, ਜੋ ਤੁਹਾਡਾ ਸਮਾਂ ਅਤੇ ਸ਼ਕਤੀ ਵਿਅਰਥ ਕਰਦੇ ਹਨ।

ਮਾਪਿਆਂ ਅਤੇ ਅਧਿਆਪਕਾਂ ਦੇ ਵੀ ਕੁਝ ਫਰਜ਼ ਬਣਦੇ ਹਨ ਕਿ ਉਹ ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕੀਤੇ ਵਿਦਿਆਰਥੀਆਂ ਨੂੰ ਯੋਗ ਅਗਵਾਈ ਦਿੰਦੇ ਹੋਏ ਪਿਛਲੇ ਵਰ੍ਹੇ ਦੀਆਂ ਕਮੀਆਂ ਅਤੇ ਅਸਫਲਤਾਵਾਂ ਨੂੰ ਦੂਰ ਕਰਨ ਵਿਚ ਉਨ੍ਹਾਂ ਦੀ ਸਹਾਇਤਾ ਕਰਨ।

ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕੀਤੇ ਵਿਦਿਆਰਥੀਆਂ ਦਾ ਚਾਅ ਅਤੇ ਉਤਸ਼ਾਹ ਵਧਾ ਕੇ ਉਨ੍ਹਾਂ ਦੀ ਲਿਖਾਈ ਤੇ ਹੋਰ ਅਭਿਆਸ ਵੱਲ ਧਿਆਨ ਦਿੱਤਾ ਜਾਵੇ। ਜਮਾਤ ਦਾ ਇਹੋ ਜਿਹਾ ਮਾਹੌਲ ਬਣਾਇਆ ਜਾਵੇ ਕਿ ਹਰ ਵਿਦਿਆਰਥੀ ਦਾ ਮਨ ਕਰੇ ਕਿ ਉਹ ਚਾਈਂ ਚਾਈਂ ਸਕੂਲ ਜਾਵੇ। ਮਿਹਨਤ, ਲਗਨ ਅਤੇ ਦ੍ਰਿੜ ਇਰਾਦੇ ਨਾਲ ਹਰ ਵਿਦਿਆਰਥੀ ਗਿਆਨ ਦੀਆਂ ਪੌੜੀਆਂ ਚੜ ਸਕਦਾ ਹੈ। ਲੋੜ ਹੈ ਵਿਦਿਆਰਥੀਆਂ ਦੇ ਕੋਮਲ ਮਨਾਂ ਨੂੰ ਸਮਝ ਕੇ, ਉਨ੍ਹਾਂ ਦੀ ਸਮਰੱਥਾ ਪਛਾਣ ਕੇ ਸਹੀ ਮਾਰਗ-ਦਰਸ਼ਨ ਕੀਤਾ ਜਾਵੇ।

❑ ਪ੍ਰੋ. ਕੁਲਜੀਤ ਕੌਰ

# ਕਦੇ ਨਾ ਭੁੱਲੋ

- ਸਭ ਤੋਂ ਵੱਡਾ ਅਪਰਾਧ ਅਨਿਆ ਸਹਿਣਾ ਹੈ ਅਤੇ ਗਲਤ ਦੇ ਨਾਲ ਸਮਝੌਤਾ ਕਰਨਾ ਹੈ।

  – ਸੁਭਾਸ਼ਚੰਦਰ ਬੋਸ

- ਸੱਚਾ ਮਨੁੱਖ ਕਿਸੇ ਨਾਲ ਘਿਰਣਾ ਨਹੀਂ ਕਰਦਾ।

  – ਮਹਾਤਮਾ ਬੁੱਧ

- ਜੀਵਨ ਵਿੱਚ ਸਫਲਤਾ ਉਸੇ ਨੂੰ ਮਿਲਦੀ ਹੈ ਜੋ ਬਚਪਨ ਵਿੱਚ ਚੰਗੇ ਨਿਯਮਾਂ ਦਾ ਪਾਲਣ ਕਰਦੇ ਹਨ।
- ਹੱਸਣ ਅਤੇ ਖੁਸ਼ ਰਹਿਣ ਵਿੱਚ ਕੁੱਝ ਯਤਨ ਕਰਨ ਦੀ ਲੋੜ ਹੈ। ਆਪਣੇ ਆਪ ਨੂੰ ਖੁਸ਼ ਰੱਖਣਾ ਵੀ ਇੱਕ ਕਲਾ ਹੈ।

  – ਲਾਰਡ ਵੈਬਰੀ

- ਜ਼ਿੰਦਾ ਰਹਿਣ ਲਈ ਖਾਉ ਨਾ ਕਿ ਖਾਂਦੇ ਰਹਿਣ ਲਈ ਜੀਵਿਤ ਰਹੋ।

  – ਫ੍ਰੈਂਕਲਿਨ

- ਅਕਲਮੰਦ ਵਿਅਕਤੀ ਬੋਲਣ ਤੋਂ ਪਹਿਲਾਂ ਸੋਚਦਾ ਹੈ, ਬੇਵਕੂਫ ਬੋਲ ਲੈਂਦਾ ਹੈ। ਉਹ ਬਾਦ ਵਿੱਚ ਸੋਚਦਾ ਹੈ ਕਿ ਉਹ ਕੀ ਬੋਲ ਗਿਆ।

  – ਰਸਕਿਨ

- ਗਿਆਨ ਜਦ ਐਨਾ ਘਮੰਡੀ ਬਣ ਜਾਏ ਕਿ ਰੋ ਨਾ ਸਕੇ, ਐਨਾ ਗੰਭੀਰ ਬਣ ਜਾਏ ਕਿ ਹੱਸ ਨਾ ਸਕੇ, ਐਨਾ ਆਤਮਕੇਂਦਰਿਤ ਹੋ ਜਾਏ ਕਿ ਆਪਣੇ ਸਿਵਾਏ ਕਿਸੇ ਹੋਰ ਦੀ ਚਿੰਤਾ ਨਾ ਕਰੇ ਤਾਂ ਉਹ ਗਿਆਨ ਅਗਿਆਨ ਤੋਂ ਵੀ ਖਤਰਨਾਕ ਹੈ।

  – ਖਲੀਲ ਜਿਬਰਾਨ

- ਇਨਸਾਨ ਜਿਹੋ ਜਿਹਾ ਆਪਣੇ ਆਪ ਨੂੰ ਬਣਾਉਣਾ ਚਾਹੁੰਦਾ ਹੈ, ਉਹੋ ਜਿਹਾ ਬਣਨ ਦੀ ਇੱਛਾਸ਼ਕਤੀ, ਲਗਨ ਅਤੇ ਹੌਸਲਾ ਹੀ ਸਫਲਤਾ ਦੀ ਪਹਿਲੀ ਪੌੜੀ ਹੈ।

  – ਜਾਰਜ ਸ਼ੀਨ

- ਹੌਸਲਾ, ਖਿਮਾ, ਕਰੁਣਾ, ਦਯਾ, ਕੋਮਲ ਬਾਣੀ, ਪਵਿੱਤਰਤਾ ਅਤੇ ਈਰਖਾ ਨਾ ਕਰਨਾ ਇਹ ਸੱਤ ਸੁੱਖ ਦੇ ਸਾਧਨ ਹਨ।ਫ

  – ਮਹਾਭਾਰਤ

- ਇੱਕ ਸ੍ਰੇਸ਼ਠ ਵਿਅਕਤੀ ਕਥਨੀ ਵਿੱਚ ਘੱਟ ਕਰਨੀ ਵਿੱਚ ਜ਼ਿਆਦਾ ਹੁੰਦਾ ਹੈ।

  – ਕੰਫਿਊਸ਼ੀਯਸ

- ਜੇਕਰ ਤੁਸੀਂ ਸੌ ਵਿਅਕਤੀਆਂ ਦੀ ਸਹਾਇਤਾ ਨਹੀਂ ਕਰ ਸਕਦੇ ਤਾਂ ਇੱਕ ਹੀ ਵਿਅਕਤੀ ਦੀ ਸਹਾਇਤਾ ਕਰ ਦਿਉ।

  – ਮਦਰ ਟਰੇਸਾ

*ਸੰਗ੍ਰਹਿ ਕਰਤਾ: ਡਿੰਪਲਜੀਤ ਰੰਧਾਵਾ*

# ਮਾਤਰ ਭਾਸ਼ਾ

*ਮਾਤਰ ਭਾਸ਼ਾ ਮਾਂ ਦੀ ਬੋਲੀ,*
*ਸਭ ਦੀ ਪਿਆਰੀ ਹੈ ਦੁੱਧਬੋਲੀ।*

*ਮਾਂ ਦੀ ਭਾਸ਼ਾ ਵਿੱਚ ਜਦ ਬੋਲੀਏ,*
*ਜਿਉਂ ਕੰਨਾਂ ਵਿੱਚ ਮਿਸ਼ਰੀ ਘੋਲੀਏ।*


*ਮਾਂ ਦੀ ਮਮਤਾ ਮਾਂ ਦਾ ਪਿਆਰ,*
*ਦਿੰਦਾ ਚਿੰਤਨ ਦਾ ਆਧਾਰ।*

*ਧੁਨਿ ਹੈ ਮਿੱਠੀ ਮਧੁਰ ਸੰਗੀਤ,*
*ਸਹਿਜ ਹਿਰਦੇ ਵਿੱਚ ਵਸੇ ਪ੍ਰੀਤ।*

*ਮਾਤਰ ਭਾਸ਼ਾ ਦਾ ਪਹਿਲਾ ਪ੍ਰਯੋਗ,*
*ਬਾਕੀ ਭਾਸ਼ਾਵਾਂ ਦਾ ਵੀ ਉਪਯੋਗ।*

*ਕਰੀਏ ਮਾਤਰ ਭਾਸ਼ਾ ਦੀ ਸੁਰੱਖਿਆ,*
*ਕਦੇ ਨਾ ਕਰੀਏ ਇਸ ਨੂੰ ਅਣਗੌਲਿਆ।*

ਬਾਲ ਕਵਿਤਾ: ਗੌਰੀ ਸ਼ੰਕਰ



ਚਿੱਤਰਕਥਾ

# ਜੈਸੇ ਨੂੰ ਤੈਸਾ

## ਚਿੱਤਰਕਾਰ ਅਤੇ ਲੇਖਕ: ਅਜੈ ਕਾਲੜਾ







ਸਰਾਂਅ
ਵਿਉਪਾਰੀ ਨੇ ਰਾਤ ਸ਼ਹਿਰ ਵਿੱਚ ਹੀ ਇੱਕ ਸਰਾਂਅ ਵਿੱਚ ਗੁਜਾਰਨ ਦੀ ਸੋਚੀ ਅਤੇ ਉਹ ਇੱਕ ਸਰਾਂਅ ਦੇ ਦਰਵਾਜੇ ਤੇ ਜਾ ਪਹੁੰਚਾ।
ਦਰਵਾਜਾ ਖੁਲਵਾਉਣ ਲਈ ਉਹ ਜ਼ੋਰ-ਜ਼ੋਰ ਨਾਲ ਦਰਵਾਜਾ ਖੜਕਾਉਣ ਲੱਗਾ।
ਬਹੁਤ ਦੇਰ ਬਾਦ ਅੰਦਰ ਤੋਂ ਸਰਾਂਅ ਦੇ ਚੌਕੀਦਾਰ ਨੇ ਕਿਹਾ - ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਦਰਵਾਜੇ ਦੀ ਚਾਬੀ ਗਵਾਚ ਗਈ ਹੈ। ਹੁਣ ਕੇਵਲ ਚਾਂਦੀ ਦੀ ਚਾਬੀ ਨਾਲ ਹੀ ਦਰਵਾਜਾ ਖੁਲ੍ਹੇਗਾ।


ਵਿਉਪਾਰੀ ਸਮਝ ਗਿਆ ਕਿ ਚੌਕੀਦਾਰ ਕੀ ਚਾਹੁੰਦਾ ਹੈ। ਉਸ ਨੇ ਦਰਵਾਜੇ ਦੇ ਹੇਠਾਂ ਤੋਂ ਚਾਂਦੀ ਦਾ ਇੱਕ ਸਿੱਕਾ ਅੰਦਰ ਪਹੁੰਚਾ ਦਿੱਤਾ।
ਸਿੱਕਾ ਪਹੁੰਚਦੇ ਹੀ ਦਰਵਾਜਾ ਖੁੱਲ੍ਹ ਗਿਆ ਅਤੇ ਵਿਉਪਾਰੀ ਅੰਦਰ ਆ ਗਿਆ।
ਅੰਦਰ ਆਉਂਦੇ ਹੀ ਵਿਉਪਾਰੀ ਨੇ ਚੌਕੀਦਾਰੀ ਨੂੰ ਬਾਹਰ ਤੋਂ ਖਾਣਾ ਲਿਆਉਣ ਲਈ ਕਿਹਾ ਅਤੇ ਚੌਕੀਦਾਰ ਉਹਨਾਂ ਲਈ ਖਾਣਾ ਲੈਣ ਬਾਹਰ ਚਲਾ ਗਿਆ।
ਚੌਕੀਦਾਰ ਦੇ ਬਾਹਰ ਜਾਂਦੇ ਹੀ ਵਿਉਪਾਰੀ ਨੇ ਸਰਾਂਅ ਦਾ ਦਰਵਾਜਾ ਬੰਦ ਕਰ ਲਿਆ।


ਚੌਕੀਦਾਰ ਖਾਣਾ ਲੈ ਕੇ ਵਾਪਸ ਆਇਆ ਅਤੇ ਦਰਵਾਜਾ ਬੰਦ ਵੇਖ ਕੇ ਜ਼ੋਰ-ਜ਼ੋਰ ਨਾਲ ਦਰਵਾਜਾ ਖੜਕਾਉਣ ਲੱਗਾ।
ਤਦ ਅੰਦਰ ਤੋਂ ਆਵਾਜ਼ ਆਈ ਕਿ ਇਹ ਦਰਵਾਜਾ ਚਾਂਦੀ ਦੀ ਚਾਬੀ ਦੇ ਬਿਨਾ ਨਹੀਂ ਖੁਲ੍ਹੇਗਾ।
ਮਜ਼ਬੂਰ ਹੋ ਕੇ ਚੌਕੀਦਾਰ ਨੂੰ ਉਹ ਚਾਂਦੀ ਦਾ ਸਿੱਕਾ ਵਾਪਸ ਕਰਨਾ ਪਿਆ।
ਤਾਂ ਪਿਆਰੇ ਬੱਚਿਉ 'ਜੈਸੇ ਨੂੰ ਤੈਸਾ'' ਕਦੇ ਨਾ ਕਦੇ ਮਿਲਦਾ ਹੀ ਹੈ। ਚਾਹੇ ਉਹ ਸੁਭਾਵਿਕ ਰੂਪ ਵਿੱਚ ਮਿਲੇ ਜਾਂ ਅਸੁਭਾਵਿਕ ਰੂਪ ਵਿੱਚ।

# ਬੁੱਧੀ ਦੀ ਪਰਖ

## ਦੋਹਾਂ ਚਿਤੱਰਾਂ ਵਿਚੋਂ 10 ਅੰਤਰ ਲੱਭੋ !





## Nirankari Radio

radio.nirankari.org

24x7

## Kids Divine

ek ruhani muskaan

kids.nirankari.org

Catch the latest episode
on 23rd of every month

## News Divine

www.nirankari.org

Catch the latest episode
on 10th of every month

## सुनो तराने नए पुराने

Nirankari Radio

Bhakti Sangeet

radio.nirankari.org

Catch the latest episode
on 20th of every month

## Soul Vibes

radio.nirankari.org

Catch the latest episode
on Last Friday of every month

## Voice Divine

Nirankari Radio

radio.nirankari.org


Catch the latest episode
on 1st & 16th of every month


Posted at LPC Delhi RMS, Delhi-110006. Prescribed dates 23rd & 24th. Date of Publication: 17th & 18th (Advance Month)

| | | |
|---|---|---|
| Registered with the | : | Delhi Postal Regd. No. DL (N)/137/2021-2023 |
| Registrar of Newspaper | : | Licence No. U (DN)-60/2021-23 |
| For India Under RNI No. 32345/1977 | : | Licenced to post without Pre-payment |









NIRANKARI JEWELS

78-84, Edward Line, Kingsway Camp, Delhi, 110009
Near G.T.B. Nagar Metro Station Gate No. 4

011-42870440, 42870441, 47058133
nirankari_jewels@hotmail.com
www.nirankarijewels.com
@nirankarijewelsdelhi
Nirankari Jewels Pvt. Ltd.

Monday Closed
Customer Care : 9818883394